People's Herald

Rs- 160/month



# "ਇਕੁਐਲਿਟੀ ਐਂਡ ਜਸਟਿਸ"



https://www.facebook.com/profile.php?id=161037521061610

ਪਟਿਆਲਾ

"Equality and Justice"

स्वतंत्रता, समानता, भाईचारा

PATIALA On line paper 23 ਅਕਤੂਬਰ 2025 ਵੀਰਵਾਰ "ਰੋਜ਼ਾਨਾ" ਚੌਥਾ ਸਾਲ w.e.f. 15 August 2022 ਪਟਿਆਲਾ

ਮੁੱਖ ਸੰਪਾਦਕ- ਇੰਜੀ. ਹਰਦੀਪ ਸਿੰਘ ਚੁੰਬਰ | whatsapp. 91-94636-01616 | email. hardipchumber57@gmail.com | ਸਹਿ ਸੰਪਾਦਕ- ਸ਼੍ਰੀਮਤੀ ਆਸ਼ਾ ਕੁਮਾਰੀ, ਡਾ. ਜਗਤਾਰ ਸਿੰਘ

ਅੰਬੇਡਕਰਵਾਦ ਸਮਾਨਤਾ ਅਧਾਰਿਤ ਅਤੇ ਬ੍ਰਾਹਮਣਵਾਦ ਅਸਮਾਨਤਾ ਅਧਾਰਿਤ ਵਿਵਸਥਾ, ਸਮਾਨਤਾ ਸਥਾਪਿਤ ਕਰਨਾ ਹੀ ਸਾਰੀਆਂ ਬਿਮਾਰੀਆਂ ਦਾ ਇਲਾਜ ਹੈ



(Google pay 91-9463601616 HARDIP SINGH STATE BANK OF INDIA ACCT NO-10566643658 . IFSC- SBIN0050773

## ਭ੍ਰਿਸ਼ਟਾਚਾਰ ਦੇ ਦੋਸ਼ 'ਚ ਗ੍ਰਿਫਤਾਰ DIG ਭੁੱਲਰ ਖਿਲਾਫ ਮੁੱਖ ਮੰਤਰੀ ਮਾਨ ਨੇ ਕੀਤੀ ਵੱਡੀ ਕਾਰਵਾਈ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com

ਭ੍ਰਿਸ਼ਟਾਚਾਰ ਪ੍ਰਤੀ ਆਪਣੀ ਸਰਕਾਰ ਦੀ ਜ਼ੀਰੋ-ਟੌਲਰੈਂਸ ਨੀਤੀ ਦੁਹਰਾਉਂਦੇ ਹੋਏ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਈ.ਪੀ.ਐਸ. ਅਧਿਕਾਰੀ ਹਰਚਰਨ ਸਿੰਘ ਭੁੱਲਰ ਨੂੰ ਮੁਅੱਤਲ ਕਰ ਦਿੱਤਾ ਹੈ, ਜਿਨ੍ਹਾਂ ਨੂੰ ਹਾਲ ਹੀ ਵਿੱਚ ਭ੍ਰਿਸ਼ਟਾਚਾਰ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ।

ਇੱਕ ਬਿਆਨ ਵਿੱਚ ਮੁੱਖ ਮੰਤਰੀ ਨੇ ਕਿਹਾ ਕਿ ਭ੍ਰਿਸ਼ਟਾਚਾਰ ਮੁਕਤ ਸ਼ਾਸਨ ਸੂਬਾ ਸਰਕਾਰ ਦੀਆਂ ਨੈਤਿਕ ਕਦਰਾਂ ਕੀਮਤਾਂ ਦਾ ਮੂਲ ਹੈ, ਜੋ ਪਿਛਲੇ ਚਾਰ ਸਾਲਾਂ ਦੌਰਾਨ ਸਰਕਾਰ ਦੀਆਂ ਕਾਰਵਾਈਆਂ ਤੋਂ ਸਾਫ਼ ਝਲਕਦਾ ਹੈ। ਉਨ੍ਹਾਂ ਆਖਿਆ ਕਿ ਪੰਜਾਬ ਸਰਕਾਰ ਨੇ ਭ੍ਰਿਸ਼ਟਾਚਾਰ ਦੇ ਦੋਸ਼ੀ ਪਾਏ ਗਏ ਕਿਸੇ ਵੀ ਵਿਅਕਤੀ ਨੂੰ ਨਾ ਬਖਸ਼ ਕੇ ਜ਼ੀਰੋ-ਟੌਲਰੈਂਸ ਪਹੁੰਚ ਨੂੰ ਬਰਕਰਾਰ ਰੱਖਿਆ ਹੈ। ਭਗਵੰਤ ਸਿੰਘ ਮਾਨ ਨੇ ਕਿਹਾ ਕਿ ਇਸ ਨੀਤੀ ਤਹਿਤ ਹਾਲ ਹੀ ਵਿੱਚ ਇੱਕ ਕੇਂਦਰੀ ਏਜੰਸੀ ਦੁਆਰਾ ਭ੍ਰਿਸ਼ਟਾਚਾਰ ਦੇ ਦੋਸ਼ ਵਿੱਚ ਗ੍ਰਿਫਤਾਰ ਕੀਤੇ ਗਏ ਆਈ.ਪੀ.ਐਸ. ਅਧਿਕਾਰੀ ਨੂੰ ਮੁਅੱਤਲ ਕਰ ਦਿੱਤਾ ਗਿਆ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਇਹ ਕਾਰਵਾਈ ਜਨਤਕ ਸੇਵਾ ਵਿੱਚ ਪਾਰਦਰਸ਼ਤਾ, ਜਵਾਬਦੇਹੀ ਅਤੇ ਇਮਾਨਦਾਰੀ ਨੂੰ ਯਕੀਨੀ ਬਣਾਉਣ ਲਈ ਪੰਜਾਬ ਸਰਕਾਰ ਦੀ ਅਟੁੱਟ ਵਚਨਬੱਧਤਾ ਨੂੰ ਦਰਸਾਉਂਦੀ ਹੈ। ਉਨ੍ਹਾਂ ਕਿਹਾ ਕਿ ਭ੍ਰਿਸ਼ਟ ਕਾਰਵਾਈਆਂ ਨਾਲ ਜਨਤਾ ਦੇ ਵਿਸ਼ਵਾਸ ਨੂੰ ਖੋਰਾ ਲੱਗਦਾ ਹੈ ਅਤੇ ਦੇਸ਼ ਦੀ ਤਰੱਕੀ ਵਿੱਚ ਖੜ੍ਹੋਤ ਆਉਂਦੀ ਹੈ। ਇਸ ਲਈ ਸਰਕਾਰ ਨੇ ਇਸ ਖ਼ਤਰੇ ਨੂੰ ਖਤਮ ਕਰਨ ਨੂੰ ਸਭ ਤੋਂ ਵੱਧ ਤਰਜੀਹ ਦਿੱਤੀ ਹੈ। ਭਗਵੰਤ ਸਿੰਘ ਮਾਨ ਨੇ ਐਲਾਨ ਕੀਤਾ ਕਿ ਡਿਪਟੀ ਇੰਸਪੈਕਟਰ ਜਨਰਲ ਆਫ਼ ਪੁਲਿਸ ਨੂੰ 16 ਅਕਤੂਬਰ, 2025 ਤੋਂ ਮੁਅੱਤਲ ਮੰਨਿਆ ਜਾਵੇਗਾ। ਉਨ੍ਹਾਂ ਦੁਹਰਾਇਆ ਕਿ ਕੋਈ ਵੀ ਅਧਿਕਾਰੀ ਜਾਂ ਸਿਆਸਤਦਾਨ ਭਾਵੇਂ ਉਸ ਦਾ ਕੋਈ ਵੀ ਅਹੁਦਾ ਜਾਂ ਪ੍ਰਭਾਵ ਹੋਵੇ, ਸਮਾਜ ਵਿਰੁੱਧ ਇਸ ਗੰਭੀਰ ਅਪਰਾਧ ਵਿੱਚ ਸ਼ਾਮਲ ਪਾਇਆ ਗਿਆ ਤਾਂ ਉਸ ਨੂੰ ਬਖਸ਼ਿਆ ਨਹੀਂ ਜਾਵੇਗਾ।

ਮੁੱਖ ਮੰਤਰੀ ਨੇ ਅੱਗੇ ਕਿਹਾ ਕਿ ਅੱਜ ਦੀ ਕਾਰਵਾਈ ਇੱਕ ਵਾਰ ਫਿਰ ਸਪੱਸ਼ਟ ਸੰਦੇਸ਼ ਦਿੰਦੀ ਹੈ ਕਿ ਭ੍ਰਿਸ਼ਟਾਚਾਰ ਵਿਰੁੱਧ ਲੜਾਈ ਵਿੱਚ ਕਿਸੇ ਮੁਲਜ਼ਮ ਨੂੰ ਵੀ



ਬਖਸ਼ਿਆ ਨਹੀਂ ਜਾਵੇਗਾ। ਉਨ੍ਹਾਂ ਸਪੱਸ਼ਟ ਤੌਰ 'ਤੇ ਕਿਹਾ ਕਿ ਭ੍ਰਿਸ਼ਟ ਗਤੀਵਿਧੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਸ਼ਮੂਲੀਅਤ ਨੂੰ ਬਰਦਾਸ਼ਤ ਨਹੀਂ ਕੀਤਾ ਜਾਵੇਗਾ ਅਤੇ ਅਜਿਹੇ ਕੰਮਾਂ ਵਿੱਚ ਸ਼ਾਮਲ ਲੋਕਾਂ ਨਾਲ ਕੋਈ ਨਰਮੀ ਨਹੀਂ ਦਿਖਾਈ ਜਾਵੇਗੀ। ਭਗਵੰਤ ਸਿੰਘ ਮਾਨ ਨੇ ਕਿਹਾ ਕਿ 2022 ਵਿੱਚ ਅਹੁਦਾ ਸੰਭਾਲਣ ਤੋਂ ਬਾਅਦ ਸਾਡੀ ਸਰਕਾਰ ਨੇ ਭ੍ਰਿਸ਼ਟਾਚਾਰ ਵਿਰੁੱਧ ਨਿਰੰਤਰ ਮੁਹਿੰਮ ਸ਼ੁਰੂ ਕੀਤੀ ਹੈ, ਜਿਸ ਤੋਂ ਪੰਜਾਬ ਵਿੱਚ ਸਾਫ਼ ਅਤੇ ਪਾਰਦਰਸ਼ੀ ਸ਼ਾਸਨ ਪ੍ਰਤੀ ਵਚਨਬੱਧਤਾ ਦੀ ਪੁਸ਼ਟੀ ਹੁੰਦੀ ਹੈ।

## ਕਿਸਾਨ ਆਗੂ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਲ ਹੋਏ -ਕੁਲਦੀਪ ਸਿੰਘ ਸਰਦੂਲਗੜ੍ਹ

### ਬਸਪਾ ਕਿਸੇ ਵਿਸ਼ੇਸ਼ ਇੱਕ ਜ਼ਾਤੀ ਅਤੇ ਧਰਮ ਦੀ ਪਾਰਟੀ ਨਹੀਂ ਹੈ ਸਗੋਂ ਇਹ ਤਾਂ ਸਰਬਜੰਨ ਦੀ ਪਾਰਟੀ ਹੈ- ਸਰਦੂਲਗੜ੍ਹ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com

ਬਠਿੰਡਾ (ਚਰਨਜੀਤ ਸੱਲ੍ਹਾਂ )ਬਹੁਜਨ ਸਮਾਜ ਪਾਰਟੀ ਦੇ ਪਰਿਵਾਰ ਵਿੱਚ ਵਾਧਾ ਸਾਬਕਾ ਸਰਪੰਚ ਗੁਰਮੀਤ ਸਿੰਘ ਭੇਲੂ ਸਾਧੂ ਵਾਲਾ ਅਤੇ ਕਿਸਾਨ ਆਗੂ ਬਲਦੇਵ ਸਿੰਘ ਝੰਡਾ ਕਲਾਂ ।ਗੁਰਭੇਜ ਸਿੰਘ ਭੇਜਾ। ਰਾਜਾ ਸਿੰਘ ਬਹੁਜਨ ਸਮਾਜ ਪਾਰਟੀ ਵਿੱਚ ਸ਼ਾਮਿਲ ਹੋਏ ।ਸਾਰੇ ਸਾਥੀਆਂ ਦਾ ਦਿਲੋਂ ਸਤਿਕਾਰ ਕੀਤਾ ਜਾਵੇਗਾ।





ਕੁਲਦੀਪ ਸਿੰਘ ਸਰਦੂਲਗੜ੍ਹ ਜੀ ਨੇ ਕਿਹਾ ਹੈ ਕਿ ਇਹ ਕਿਸੇ ਵਿਸ਼ੇਸ਼ ਇੱਕ ਜ਼ਾਤੀ ਅਤੇ ਧਰਮ ਦੀ ਪਾਰਟੀ ਨਹੀਂ ਹੈ ਸਗੋਂ ਇਹ ਤਾਂ ਸਰਬਜੰਨ ਦੀ ਪਾਰਟੀ ਹੈ ਇਸ ਲਈ ਇਸ ਵਿੱਚ ਹਰ ਇੱਕ ਜਾਤੀ ਧਰਮ ਦਾ ਆਦਮੀ ਸ਼ਾਮਲ ਹੋ ਸਕਦਾ ਹੈ ਕਿਉਂਕਿ ਕਿ ਸਾਹਿਬ ਸ੍ਰੀ ਕਾਂਸ਼ੀ ਰਾਮ ਜੀ ਨੇ ਕਿਹਾ ਸੀ ਕਿ ਅਸੀਂ ਮੰਨੂਵਾਦ ਦਾ ਸ਼ਿਕਾਰ ਹੋਕੇ ਆਪਸ ਵਿੱਚ ਵੰਡੇ ਹੋਏ ਹਾਂ ਇਸ ਲਈ ਸਾਡੀ ਸਰਕਾਰ ਨਹੀਂ ਬਣਦੀ ਪਰ ਬਹੁਜਨ ਸਮਾਜ ਪਾਰਟੀ ਦੇ ਨਾਂ ਤੋਂ ਹੀ ਸਾਨੂੰ ਪਤਾ ਲੱਗ ਜਾਣਾ ਚਾਹੀਦਾ ਹੈ ਕਿ ਇਹ ਬਹੁਤ ਜਾਤੀਆਂ ਦੀ ਪਾਰਟੀ ਹੈ ਅਸੀਂ ਜਾਤਾਂ ਪਾਤਾਂ ਛੱਡ ਕੇ ਬਹੁਜਨ ਸਮਾਜ ਬਣਾਉਣਾ ਹੈ ਅਲਪਜਨ ਤੋਂ ਬਹੁਜਨ ਸਮਾਜ ਬਣਾਉਣਾ ਹੈ ਇਹ ਪੰਜਾਬ ਸੰਭਾਲੋ ਮਹਿਮ ਅੱਜ ਹੋਰ ਮਜ਼ਬੂਤ ਹੋਈ ਹੈ।

## ਇੱਕ ਚਿੱਪ ਨੇ ਕਿਵੇਂ ਜੋਤਹੀਣ ਹੋ ਚੁੱਕੇ ਲੋਕਾਂ ਨੂੰ ਮੁੜ ਕਿਵੇਂ ਪੜ੍ਹਨ ਦੇ ਕਾਬਿਲ ਬਣਾ ਦਿੱਤਾ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com

ਜੋਤਹੀਣ ਲੋਕਾਂ ਦਾ ਇੱਕ ਗਰੁੱਪ ਹੁਣ ਦੁਬਾਰਾ ਪੜ੍ਹ ਸਕਦਾ ਹੈ ਕਿਉਂਕਿ ਉਨ੍ਹਾਂ ਦੀਆਂ ਅੱਖ 'ਤੇ ਜ਼ਿੰਦਗੀ ਬਦਲਣ ਵਾਲੀ ਇੱਕ ਚਿੱਪ ਇਮਪਲਾਂਟ ਕੀਤੀ ਗਈ ਹੈ।

ਲੰਡਨ ਦੇ ਮੂਰਫੀਲਡਜ਼ ਆਈ ਹਸਪਤਾਲ ਵਿੱਚ ਪੰਜ ਮਰੀਜ਼ਾਂ ਵਿੱਚ ਮਾਈਕ੍ਰੋਚਿੱਪ ਲਗਾਉਣ ਵਾਲੇ ਇੱਕ ਸਰਜਨ ਦਾ ਕਹਿਣਾ ਹੈ ਕਿ ਕੌਮਾਂਤਰੀ ਪਰੀਖਣ ਦੇ ਨਤੀਜੇ ਹੈਰਾਨ ਕਰਨ ਵਾਲੇ ਹਨ।

70 ਸਾਲਾ, ਸ਼ੈਲਾ ਇਰਵਿਨ ਇੱਕ ਰਜਿਸਟਰਡ ਜੋਤਹੀਣ ਹਨ। ਇਰਵਿਨ ਨੇ ਬੀਬੀਸੀ ਨੂੰ ਦੱਸਿਆ ਕਿ ਦੁਬਾਰਾ ਕ੍ਰਾਸਵਰਡ ਪੜ੍ਹਨ ਅਤੇ ਕਰਨ ਦੇ ਯੋਗ ਹੋਣਾ 'ਬੇਹੱਦ ਹੈਰਾਨੀ ਭਰਿਆ ਹੈ' ।

"ਇਹ ਬਹੁਤ ਖ਼ੂਬਸੂਰਤ ਹੈ, ਸ਼ਾਨਦਾਰ ਹੈ। ਇਹ ਮੈਨੂੰ ਬਹੁਤ ਖੁਸ਼ੀ ਦਿੰਦਾ ਹੈ।"

ਇਹ ਤਕਨੀਕ ਵੱਡੀ ਉਮਰ ਨਾਲ ਜੁੜੀ ਡਰਈ ਮੈਕੂਲਰ ਡੀਜਨਰੇਸ਼ਨ (ਏਐੱਮਜੀ) ਹੈ ਜਿਸ ਨੂੰ ਜੀਓਗ੍ਰੈਫ਼ਿਕ ਐਟ੍ਰੋਫੀ (ਜੀਏ) ਕਿਹਾ ਜਾਂਦਾ ਹੈ। ਇਸ ਨਾਲ ਯੂਕੇ ਵਿੱਚ 250,000 ਤੋਂ ਵੱਧ ਅਤੇ ਦੁਨੀਆ ਭਰ ਵਿੱਚ ਪੰਜਾਹ ਲੱਖ ਤੋਂ ਵੱਧ ਲੋਕ ਪ੍ਰਭਾਵਿਤ ਹਨ। ਇਹ ਅਜਿਹਾ ਲੋਕਾਂ ਲਈ ਉਮੀਦ ਦੀ ਕਿਰਨ ਹੈ।

ਇਸ ਬਿਮਾਰੀ ਵਾਲੇ ਲੋਕਾਂ ਵਿੱਚ, ਜੋ ਕਿ ਵਧੇਰੇ ਕਰਕੇ ਵੱਡੀ ਉਮਰ ਦੇ ਲੋਕਾਂ ਵਿੱਚ ਹੁੰਦੀ ਹੈ, ਅੱਖ ਦੇ ਪਿਛਲੇ ਪਾਸੇ ਰੈਟਿਨਾ ਦੇ ਇੱਕ ਛੋਟੇ ਜਿਹੇ ਖੇਤਰ ਵਿੱਚ ਸੈੱਲ ਹੌਲੀ-ਹੌਲੀ ਖ਼ਰਾਬ ਹੋ ਜਾਂਦੇ ਹਨ ਅਤੇ ਅੰਤ ਨੂੰ ਮਰ ਜਾਂਦੇ ਹਨ, ਨਤੀਜੇ ਵਜੋਂ ਕੇਂਦਰੀ ਨਿਗ੍ਹਾ ਧੁੰਦਲੀ ਹੋ ਜਾਂਦੀ ਹੈ ਜਾਂ ਵਿਗੜ ਜਾਂਦੀ ਹੈ।

ਅਜਿਹੀ ਸਥਿਤੀ ਵਿੱਚ



ਰੰਗ ਅਤੇ ਬਾਰੀਕ ਵੇਰਵੇ ਨਜ਼ਰ ਆਉਣੇ ਅਕਸਰ ਬੰਦ ਹੋ ਜਾਂਦੇ ਹਨ।

ਨਵੀਂ ਪ੍ਰਕਿਰਿਆ ਵਿੱਚ ਰੈਟੀਨਾ ਦੇ ਹੇਠਾਂ ਇੱਕ ਛੋਟੀ ਜਿਹੀ 2 ਐੱਮਐੱਮ ਵਰਗ ਫੋਟੋਵੋਲਟੇਇਕ ਮਾਈਕ੍ਰੋਚਿੱਪ ਪਾਉਣਾ ਸ਼ਾਮਲ ਹੈ, ਜਿਸਦੀ ਮੋਟਾਈ ਮਨੁੱਖੀ ਵਾਲਾਂ ਜਿੰਨੀ ਹੈ।

ਫਿਰ ਮਰੀਜ਼ ਇੱਕ ਬਿਲਟ-ਇਨ ਵੀਡੀਓ ਕੈਮਰੇ ਵਾਲੀਆਂ ਐਨਕਾਂ ਲਗਾਉਂਦੇ ਹਨ। ਕੈਮਰਾ ਅੱਖ ਦੇ ਪਿਛਲੇ ਪਾਸੇ ਇਮਪਲਾਂਟ ਨੂੰ ਵੀਡੀਓ ਚਿੱਤਰਾਂ ਦੀ ਇੱਕ ਇਨਫਰਾਰੈੱਡ ਬੀਮ ਭੇਜਦਾ ਹੈ, ਜੋ ਉਨ੍ਹਾਂ ਨੂੰ ਇੱਕ ਛੋਟੇ ਪੌਕੇਟ ਪ੍ਰੋਸੈਸਰ ਵਿੱਚ ਭੇਜਦਾ ਹੈ ਤਾਂ ਜੋ ਉਨ੍ਹਾਂ ਦਾ ਅਕਾਰ ਵੱਡਾ ਨਜ਼ਰ ਆਵੇ ਅਤੇ ਬਿੰਬ ਨੂੰ ਸਪੱਸ਼ਟ ਦੇਖਿਆ ਜਾ ਸਕੇ।

ਫਿਰ ਤਸਵੀਰਾਂ ਮਰੀਜ਼ ਦੇ ਦਿਮਾਗ ਨੂੰ, ਇਮਪਲਾਂਟ ਅਤੇ ਆਪਟਿਕ ਨਰਵ ਰਾਹੀਂ ਵਾਪਸ ਭੇਜੀਆਂ ਜਾਂਦੀਆਂ ਹਨ, ਜਿਸ ਨਾਲ ਉਨ੍ਹਾਂ ਨੂੰ ਦੁਬਾਰਾ ਕੁਝ ਦ੍ਰਿਸ਼ਟੀ ਮਿਲਦੀ ਹੈ।

ਮਰੀਜ਼ਾਂ ਨੇ ਚਿੱਤਰਾਂ ਨੂੰ ਸਮਝਣਾ ਸਿੱਖਣ ਵਿੱਚ ਕਈ ਮਹੀਨੇ ਬਿਤਾਏ।

ਲੰਡਨ ਦੇ ਮੂਰਫੀਲਡਜ਼ ਆਈ ਹਸਪਤਾਲ ਦੇ ਸਲਾਹਕਾਰ ਨੇਤਰ ਸਰਜਨ ਮਾਹੀ ਮੁਕਿਤ ਨੇ ਇਸ ਟ੍ਰਾਇਲ ਦੀ ਯੂਕੇ ਸ਼ਾਖਾ ਵਿੱਚ ਅਗਵਾਈ ਕੀਤੀ ਹੈ।

ਉਨ੍ਹਾਂ ਨੇ ਬੀਬੀਸੀ ਨੂੰ ਦੱਸਿਆ ਕਿ ਇਹ ਇਸ ਖੇਤਰ ਵਿੱਚ ਮੁੱਢਲੀ ਅਤੇ ਜੀਵਨ ਬਦਲਣ ਵਾਲੀ ਤਕਨਾਲੋਜੀ ਸੀ।

"ਇਹ ਪਹਿਲਾ ਇਮਪਲਾਂਟ ਹੈ ਜੋ ਮਰੀਜ਼ਾਂ ਨੂੰ ਸਹੀ ਅਰਥਾਂ ਵਿੱਚ ਦ੍ਰਿਸ਼ਟੀ ਦੇਣ ਦੇ ਕਾਬਲ ਹੋ ਸਕਦਾ ਹੈ, ਜਿਸਨੂੰ ਉਹ ਆਪਣੀ ਰੋਜ਼ਾਨਾ ਜ਼ਿੰਦਗੀ ਵਿੱਚ ਵਰਤ ਸਕਦੇ ਹਨ, ਜਿਵੇਂ ਕਿ ਪੜ੍ਹਨ, ਲਿਖਣ ਲਈ।

ਮੁਕਿਤ ਕਹਿੰਦੇ ਹਨ, "ਮੈਨੂੰ ਲੱਗਦਾ ਹੈ ਕਿ ਇਹ ਇੱਕ ਵੱਡੀ ਤਰੱਕੀ ਹੈ।"

### ਇਮਪਲਾਂਟ ਤਕਨੀਕ ਕਿਵੇਂ ਕੰਮ ਕਰਦੀ ਹੈ

ਨਿਊ ਇੰਗਲੈਂਡ ਜਰਨਲ ਆਫ਼ ਮੈਡੀਸਨ ਵਿੱਚ ਪ੍ਰਕਾਸ਼ਿਤ ਖੋਜ ਲਈ , ਪੰਜ ਯੂਰਪੀਅਨ ਦੇਸ਼ਾਂ ਵਿੱਚ ਭੂਗੋਲਿਕ ਐਟ੍ਰੋਫੀ ਵਾਲੇ 38 ਮਰੀਜ਼ਾਂ ਨੇ ਪ੍ਰਾਈਮਾ ਇਮਪਲਾਂਟ ਦੇ ਟ੍ਰਾਇਲ ਵਿੱਚ ਹਿੱਸਾ ਲਿਆ।

ਇਹ ਪ੍ਰਾਈਮਾ ਇਮਪਲਾਂਟ ਕੈਲੀਫੋਰਨੀਆ ਬਾਇਓਟੈਕ ਸਾਇੰਸ ਕਾਰਪੋਰੇਸ਼ਨ ਵੱਲੋਂ ਬਣਾਇਆ ਗਿਆ ਹੈ ਜਿਨ੍ਹਾਂ 32 ਮਰੀਜ਼ਾਂ ਵਿੱਚ ਇਸ ਨੂੰ ਇਮਪਲਾਂਟ ਕੀਤਾ ਗਿਆ ਉਨ੍ਹਾਂ ਵਿੱਚੋਂ 27 ਆਪਣੀ ਕੇਂਦਰੀ ਦ੍ਰਿਸ਼ਟੀ ਦੀ ਵਰਤੋਂ ਕਰਕੇ ਦੁਬਾਰਾ ਪੜ੍ਹਨ ਦੇ ਯੋਗ ਸਨ।

ਇੱਕ ਸਾਲ ਬਾਅਦ, 25 ਅੱਖਰਾਂ ਜਾਂ ਪੰਜ ਲਾਈਨਾਂ ਤੱਕ ਪੜ੍ਹ ਸਕਦੇ ਸਨ।

ਵਿਲਟਸ਼ਾਇਰ ਤੋਂ ਇਸ ਪ੍ਰਯੋਗ ਵਿੱਚ ਹਿੱਸਾ ਲੈਣ ਆਏ ਸ਼ੈਲਾ ਲਈ ਇਹ ਪ੍ਰਯੋਗ ਹੋਰ ਵੀ ਨਾਟਕੀ ਨਤੀਜਿਆਂ ਭਰਿਆ ਰਿਹਾ ਹੈ। ਇਮਪਲਾਂਟ ਤੋਂ ਬਿਨ੍ਹਾਂ, ਉਹ ਪੜ੍ਹਨ ਵਿੱਚ ਪੂਰੀ ਤਰ੍ਹਾਂ ਅਸਮਰੱਥ ਸਨ।

ਪਰ ਜਦੋਂ ਅਸੀਂ ਮੂਰਫੀਲਡਜ਼ ਹਸਪਤਾਲ ਵਿੱਚ ਸ਼ੈਲਾ ਨੂੰ ਅੱਖਾਂ ਦਾ ਚਾਰਟ ਪੜ੍ਹਦੇ ਹੋਏ ਫਿਲਮਾਇਆ, ਤਾਂ ਉਨ੍ਹਾਂ ਨੇ ਇੱਕ ਵੀ ਗਲਤੀ ਨਹੀਂ ਕੀਤੀ। ਇਸਨੂੰ ਪੂਰਾ ਕਰਨ ਤੋਂ ਬਾਅਦ, ਉਨ੍ਹਾਂ ਨੇ ਹਵਾ ਵਿੱਚ ਹੱਥ ਫ਼ਹਿਰਾਇਆ ਅਤੇ ਤਾੜੀਆਂ ਮਾਰੀਆਂ।

ਇਸ ਕੰਮ ਲਈ ਬਹੁਤ ਜ਼ਿਆਦਾ ਇਕਾਗਰਤਾ ਦੀ ਲੋੜ ਸੀ।

ਕੈਮਰੇ ਤੋਂ ਫੀਡ ਨੂੰ ਸਥਿਰ ਕਰਨ ਲਈ ਸ਼ੈਲਾ ਨੂੰ ਆਪਣੀ ਠੋਡੀ ਦੇ ਹੇਠਾਂ ਇੱਕ ਸਿਰਹਾਣਾ ਰੱਖਣਾ ਪਿਆ। ਇਸ ਦੇ ਬਾਵਜੂਦ ਉਹ ਇੱਕ ਸਮੇਂ ਵਿੱਚ ਸਿਰਫ਼ ਇੱਕ ਜਾਂ ਦੋ ਅੱਖਰਾਂ 'ਤੇ ਧਿਆਨ ਕੇਂਦਰਿਤ ਕਰ ਸਕਦੇ ਹਨ। ਕੁਝ ਬਿੰਦੂਆਂ 'ਤੇ ਉਨ੍ਹਾਂ ਨੂੰ ਡਿਵਾਈਸ ਨੂੰ ਜ਼ੂਮ ਮੋਡ ਵਿੱਚ ਬਦਲ ਕੇ ਦੇਖਣਾ ਦੀ ਲੋੜ ਪੈਂਦੀ ਸੀ, ਖਾਸ ਕਰਕੇ C (ਸੀ) ਅਤੇ O (ਓ) ਅੱਖਰਾਂ ਵਿੱਚ ਫਰਕ ਕਰਨ ਲਈ।

ਸ਼ੈਲਾ ਨੇ 30 ਸਾਲ ਤੋਂ ਵੱਧ ਸਮਾਂ ਪਹਿਲਾਂ ਆਪਣੀ ਕੇਂਦਰੀ ਦ੍ਰਿਸ਼ਟੀ ਗੁਆਉਣੀ ਸ਼ੁਰੂ ਕਰ ਦਿੱਤੀ ਸੀ, ਕਿਉਂਕਿ ਰੈਟੀਨਾ ਵਿੱਚ ਸੈੱਲਾਂ ਦਾ ਨੁਕਸਾਨ ਹੋ ਗਿਆ ਸੀ।

ਉਹ ਆਪਣੀ ਨਿਗ੍ਹਾ ਬਾਰੇ ਦੱਸਦਿਆਂ ਕਹਿੰਦੇ ਹਨ ਕਿ ਮੇਰੀ ਹਰੇਕ ਅੱਖ ਦੇ ਕਾਲੀਆਂ ਡਿਸਕਾਂ ਵਾਂਗ ਹੈ।

ਸ਼ੈਲਾ ਸਫ਼ੇਦ ਸੋਟੀ ਦੀ ਵਰਤੋਂ ਕਰਕੇ ਘੁੰਮਦੇ ਹਨ ਕਿਉਂਕਿ ਉਨ੍ਹਾਂ ਦੀ ਨਜ਼ਰ ਬਹੁਤ ਹੀ ਸੀਮਤ ਸੀ। ਜਦੋਂ ਉਹ ਬਾਹਰ ਹੁੰਦੇ ਹਨ ਤਾਂ ਉਹ ਵੱਡੇ ਤੋਂ ਵੱਡੇ ਸੜਕੀ ਬੋਰਡ ਵੀ ਨਹੀਂ ਪੜ੍ਹ ਪਾਉਂਦੇ।

ਉਹ ਦੱਸਦੇ ਹਨ ਕਿ ਜਦੋਂ ਉਨ੍ਹਾਂ ਨੂੰ ਆਪਣਾ ਡਰਾਈਵਿੰਗ ਲਾਇਸੈਂਸ ਛੱਡਣਾ ਪਿਆ ਸੀ ਉਸ ਸਮੇਂ ਉਹ ਬਹੁਤ ਰੋਏ ਸਨ।

ਪਰ ਤਕਰੀਬਨ ਤਿੰਨ ਸਾਲ ਪਹਿਲਾਂ ਇੱਕ ਇਮਪਲਾਂਟ ਲਗਾਉਣ ਤੋਂ ਬਾਅਦ, ਉਹ

ਬਾਕੀ ਭਾਗ ਸਫ਼ਾ 5 ਤੇ

# ਪੁੱਤ ਦੀ ਮੌਤ ਨੂੰ ਲੈ ਕੇ ਸਾਬਕਾ DGP ਮੁਸਤਫਾ ਦਾ ਬਿਆਨ ਆਇਆ ਸਾਹਮਣੇ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com



ਪੰਜਾਬ ਦੇ ਸਾਬਕਾ ਡੀਜੀਪੀ ਮੁਹੰਮਦ ਮੁਸਤਫਾ ਵਿਰੁੱਧ ਉਨ੍ਹਾਂ ਦੇ ਪੁੱਤਰ, ਅਕੀਲ ਅਖਤਰ ਦੇ ਕਤਲ ਅਤੇ ਅਪਰਾਧਿਕ ਸਾਜ਼ਿਸ਼ ਰਚਣ ਦਾ ਮਾਮਲਾ ਦਰਜ ਹੋਣ ਤੋਂ ਬਾਅਦ ਬਿਆਨ ਸਾਹਮਣੇ ਆਇਆ ਹੈ। ਮੁਸਤਫਾ ਵੱਲੋਂ ਇਸ ਨੂੰ ਇਕ ਸਾਜਿਸ਼ ਕਰਾਰ ਦਿੱਤਾ ਗਿਆ ਹੈ। ਇਕ ਨਿੱਜੀ ਟੈਲੀਵਿਜ਼ਨ ਚੈਨਲ ਉਤੇ ਗੱਲਬਾਤ ਕਰਦੇ ਹੋਏ ਉਨ੍ਹਾਂ ਇਸ ਪੂਰੇ ਮਾਮਲੇ ਨੂੰ ਸਾਜਿਸ਼ ਕਰਾਰ ਦਿੱਤਾ ਹੈ। ਸਾਬਕਾ ਡੀਜੀਪੀ ਮੁਹੰਮਦ ਮੁਸਤਫਾ ਨੇ ਕਿਹਾ ਕਿ ਮੈਂ ਇਸ ਕੇਸ ਦਾ ਸਾਹਮਣਾ ਕਰਨ ਲਈ ਤਿਆਰ ਹਾਂ। ਮੈਂ ਪਹਿਲਾਂ ਹੀ ਪੋਸਟਮਾਰਟਮ ਲਈ ਜ਼ੋਰ ਦਿੱਤਾ ਹੈ, ਕਿਉਂਕਿ ਮੈਨੂੰ ਅਜਿਹੀ ਸ਼ਿਕਾਇਤਾਂ ਬਾਰੇ ਅੰਦਾਜ਼ਾ ਸੀ। ਮੈਂ ਦੇਸ਼ ਲਈ ਲੜਾਈ ਲੜੀ ਹੈ ਅਤੇ ਇਹ ਕੇਸ ਮੇਰੇ ਲੜਨ ਲਈ ਕੁਝ ਵੀ ਨਹੀਂ ਹੈ। ਉਨ੍ਹਾਂ ਕਿਹਾ, ਮੇਰਾ ਬੇਟਾ ਨਸ਼ੇ ਦਾ ਆਦੀ ਸੀ ਅਤੇ ਉਹ ਪਿਛਲੇ 18 ਸਾਲਾਂ ਤੋਂ ਨਸ਼ਾ ਕਰਦਾ ਆ ਰਿਹਾ ਸੀ। ਕਦੇ ਕਦੇ ਜਦੋਂ ਉਹ ਹੋਸ਼ ਵਿੱਚ ਨਾ ਹੁੰਦਾ ਤਾਂ ਉਹ ਇੰਸਟਾਗ੍ਰਾਮ ਉਤੇ ਅਜਿਹੀ ਵੀਡੀਓ ਅਪਲੋਡ ਕਰਦਾ ਸੀ ਅਤੇ ਲਗਦਾ ਸੀ ਕਿ ਇਹ ਵੀਡੀਓ ਮੇਰੇ ਵਿਰੋਧੀਆਂ ਨੇ ਡਾਊਨਲੋਡ ਕੀਤੀ ਹੈ। ਉਨ੍ਹਾਂ ਕਿਹਾ ਇਹ ਵਿਅਕਤੀ ਜਿਸਨੇ ਸ਼ਿਕਾਇਤ ਦਰਜ ਕਰਵਾਈ ਸੀ, ਉਹ ਇਕ ਸਥਾਨਕ ਵਿਧਾਇਕ ਦਾ ਨਜ਼ਦੀਕੀ ਸੀ ਅਤੇ ਇਹ ਡੂੰਘੀ ਰਾਜਨੀਤਿਕ ਸਾਜਿਸ਼ ਹੈ।

ਜ਼ਿਕਰਯੋਗ ਹੈ ਕਿ ਪੰਜਾਬ ਦੀ ਸਾਬਕਾ ਕੈਬਨਿਟ ਮੰਤਰੀ ਰਜ਼ੀਆ ਸੁਲਤਾਨਾ ਅਤੇ ਪੰਜਾਬ ਦੇ ਸਾਬਕਾ ਡੀਜੀਪੀ (ਮਨੁੱਖੀ ਅਧਿਕਾਰ) ਮੁਹੰਮਦ ਮੁਸਤਫਾ ਦੇ ਪੁੱਤਰ ਅਕੀਲ ਦੀ ਮੌਤ ਦੇ ਮਾਮਲੇ ਵਿੱਚ, ਇੱਕ ਗੁਆਂਢੀ, ਸ਼ਮਸੁਦੀਨ ਨੇ ਗੰਭੀਰ ਦੋਸ਼ ਲਗਾਏ ਹਨ, ਜਿਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਅਕੀਲ ਦੀ ਪਤਨੀ ਅਤੇ ਪਿਤਾ ਦੇ ਨਾਜਾਇਜ਼ ਸਬੰਧ ਸਨ, ਜਿਸ ਵਿੱਚ ਰਜ਼ੀਆ ਸੁਲਤਾਨਾ ਵੀ ਸ਼ਾਮਲ ਸੀ। ਸ਼ਮਸੁਦੀਨ ਨੇ ਪੰਚਕੂਲਾ ਪੁਲਿਸ ਕਮਿਸ਼ਨਰ ਨੂੰ ਸ਼ਿਕਾਇਤ ਦਰਜ ਕਰਵਾਈ, ਜਿਸ ਦੇ ਆਧਾਰ 'ਤੇ ਪੰਚਕੂਲਾ ਐਮਡੀਸੀ ਪੁਲਿਸ ਸਟੇਸ਼ਨ ਨੇ ਹੁਣ ਮੁਹੰਮਦ ਮੁਸਤਫਾ, ਉਨ੍ਹਾਂ ਦੀ ਪਤਨੀ, ਸਾਬਕਾ ਮੰਤਰੀ ਰਜ਼ੀਆ ਸੁਲਤਾਨਾ, ਨੂੰਹ ਅਤੇ ਧੀ ਵਿਰੁੱਧ ਆਈਪੀਸੀ ਦੀ ਧਾਰਾ 103(1) ਅਤੇ 61 ਦੇ ਤਹਿਤ ਮਾਮਲਾ ਦਰਜ ਕੀਤਾ ਗਿਆ।

ਅਕੀਲ ਦੀ ਮੌਤ 16 ਅਕਤੂਬਰ ਨੂੰ ਪੰਚਕੂਲਾ ਵਿੱਚ ਦੇਰ ਰਾਤ ਹੋਈ। ਪਰਿਵਾਰ ਨੇ ਕਿਹਾ ਸੀ ਕਿ ਉਸਦੀ ਮੌਤ ਨਸ਼ੇ ਦੀ ਓਵਰਡੋਜ਼ ਨਾਲ ਹੋਈ ਸੀ। ਇਸ ਤੋਂ ਬਾਅਦ, ਅਕੀਲ ਦਾ 27 ਅਗਸਤ ਦਾ ਇੱਕ ਵੀਡੀਓ ਸਾਹਮਣੇ ਆਇਆ। ਇਸ ਵਿੱਚ, ਉਹ ਦੋਸ਼ ਲਗਾਉਂਦਾ ਹੈ ਕਿ ਉਸਦੇ ਪਰਿਵਾਰਕ ਮੈਂਬਰ ਉਸਨੂੰ ਮਾਰਨ ਦੀ ਸਾਜ਼ਿਸ਼ ਰਚ ਰਹੇ ਹਨ। ਉਸਨੇ ਆਪਣੇ ਪਿਤਾ ਅਤੇ ਪਤਨੀ ਵਿਚਕਾਰ ਨਾਜਾਇਜ਼ ਸਬੰਧਾਂ ਦਾ ਵੀ ਜ਼ਿਕਰ ਕੀਤਾ ਸੀ।

# ਪੁਲਿਸ ਨਾਲ ਮੁਕਾਬਲੇ ਦੌਰਾਨ ਇਕ ਗੈਂਗਸਟਰ ਜ਼ਖ਼ਮੀ, ਦੋ ਸਾਥੀ ਵੀ ਗ੍ਰਿਫਤਾਰ, ਹਥਿਆਰ ਬਰਾਮਦ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com

ਜਲੰਧਰ ਪੁਲਿਸ ਦਾ ਸਲੇਮਪੁਰ ਮਸੰਦਾਂ ਵਿੱਚ ਇੱਕ ਗੈਂਗਸਟਰ ਨਾਲ ਮੁਕਾਬਲਾ ਹੋਇਆ ਹੈ। ਗੈਂਗਸਟਰ, ਜਿਸਦੀ ਪਛਾਣ ਮਨਕਰਨ ਵਜੋਂ ਹੋਈ ਹੈ, ਦੇ ਪੇਟ ਵਿੱਚ ਗੋਲੀ ਲੱਗੀ ਹੈ। ਪੁਲਿਸ ਨੇ ਉਸਨੂੰ ਜ਼ਖਮੀ ਹਾਲਤ ਵਿੱਚ ਫੜ ਲਿਆ। ਉਸ ਦੇ ਨਾਲ ਹੀ ਪੁਲਿਸ ਨੇ ਦੋ ਹੋਰ ਗੈਂਗਸਟਰ ਵੀ ਹਿਰਾਸਤ ਵਿੱਚ ਲਏ ਹਨ।ਜ਼ਖਮੀ ਗੈਂਗਸਟਰ ਨੂੰ ਇਲਾਜ ਲਈ ਸਿਵਲ ਹਸਪਤਾਲ ਵਿੱਚ ਦਾਖਲ ਕਰਵਾਇਆ ਜਾ ਰਿਹਾ ਹੈ। ਗੈਂਗਸਟਰ ਮਨਕਰਨ ਛੇਹਰਟਾ, ਅੰਮ੍ਰਿਤਸਰ ਵਿੱਚ ਧਰਮਜੀਤ ਸਿੰਘ ਉਰਫ ਧਰਮ ਦੇ ਕਤਲ ਵਿੱਚ ਗੋਲੀਬਾਰੀ ਕਰਨ ਵਾਲਿਆਂ ਦਾ ਮਦਦਗਾਰ ਸੀ।

ਮਨਕਰਨ 26 ਸਤੰਬਰ ਨੂੰ ਅੰਮ੍ਰਿਤਸਰ ਦੇ ਛੇਹਰਟਾ ਖੇਤਰ ਵਿੱਚ ਧਰਮਜੀਤ ਸਿੰਘ ਉਰਫ ਧਰਮ ਦੇ ਕਤਲ ਦੇ ਮਾਮਲੇ ਵਿੱਚ ਫਰਾਰ ਸੀ। ਜਲੰਧਰ ਸਿਟੀ ਪੁਲਿਸ ਦੇ ਸੀਆਈਏ ਸਟਾਫ ਨੇ ਸਲੇਮਪੁਰ, ਜਲੰਧਰ ਨੇੜੇ ਮਨਕਰਨ ਦੀਆਂ ਗਤੀਵਿਧੀਆਂ ਨੂੰ ਦੇਖਿਆ। ਇਸ ਤੋਂ ਬਾਅਦ, ਟੀਮਾਂ ਅੱਜ ਸਵੇਰ ਤੋਂ ਹੀ ਸਰਗਰਮੀ ਨਾਲ ਭਾਲ ਕਰ ਰਹੀਆਂ ਸਨ।

ਅੱਜ ਸਵੇਰੇ ਲਗਭਗ 11 ਵਜੇ, ਸਿਟੀ ਸੀਆਈਏ ਸਟਾਫ ਦੇ ਇੰਚਾਰਜ ਸੁਰਿੰਦਰ ਸਿੰਘ ਕੰਬੋਜ ਨੇ ਮਨਕਰਨ ਦੇ ਟਿਕਾਣੇ ਦਾ ਪਤਾ ਲਗਾਇਆ ਅਤੇ ਆਪਣੀ ਟੀਮ ਨਾਲ ਮੌਕੇ 'ਤੇ ਪਹੁੰਚੇ। ਗੈਂਗਸਟਰ ਨੇ ਪੁਲਿਸ ਪਾਰਟੀ ਨੂੰ ਦੇਖ ਕੇ ਗੋਲੀਬਾਰੀ ਕੀਤੀ। ਪੁਲਿਸ ਨੇ ਜਵਾਬੀ ਕਾਰਵਾਈ ਕੀਤੀ, ਜਿਸ ਦੇ ਨਤੀਜੇ ਵਜੋਂ ਮਨਕਰਨ ਦੇ ਪੇਟ ਵਿੱਚ ਗੋਲੀ ਲੱਗੀ ਅਤੇ ਉਹ ਜ਼ਖਮੀ ਹੋ ਗਿਆ।

ਜਲੰਧਰ ਸਿਟੀ ਪੁਲਿਸ ਦੇ ਸੀਨੀਅਰ ਅਧਿਕਾਰੀ ਮੌਕੇ 'ਤੇ ਪਹੁੰਚ ਰਹੇ ਹਨ। ਪੁਲਿਸ ਨੇ ਮੁਲਜ਼ਮਾਂ ਤੋਂ ਗੈਰ-ਕਾਨੂੰਨੀ ਹਥਿਆਰ ਬਰਾਮਦ ਕੀਤੇ ਹਨ। ਮਨਕਰਨ ਦੇ ਨਾਲ ਦੋ ਹੋਰ ਸਾਥੀ ਵੀ ਹਨ, ਜਿਨ੍ਹਾਂ ਨੂੰ ਪੁਲਿਸ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਇਹ ਤਿੰਨੋਂ ਗੈਂਗਸਟਰ ਜੱਗੂ ਭਗਵਾਨਪੁਰੀਆ ਗੈਂਗ ਨਾਲ ਜੁੜੇ ਹੋਏ ਹਨ।

# ਓਲੰਪਿਕ ਸੋਨ ਤਗਮਾ ਜੇਤੂ ਨੀਰਜ ਚੋਪੜਾ ਲੈਫਟੀਨੈਂਟ ਨਿਯੁਕਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com



ਹਰਿਆਣਾ ਦੇ ਪਾਣੀਪਤ ਦੇ ਰਹਿਣ ਵਾਲੇ ਓਲੰਪਿਕ ਸੋਨ ਤਗਮਾ ਜੇਤੂ ਨੀਰਜ ਚੋਪੜਾ ਨੂੰ ਭਾਰਤੀ ਫੌਜ ਵਿੱਚ ਲੈਫਟੀਨੈਂਟ ਕਰਨਲ ਨਿਯੁਕਤ ਕੀਤਾ ਗਿਆ ਹੈ। ਰੱਖਿਆ ਮੰਤਰੀ ਰਾਜਨਾਥ ਸਿੰਘ ਅਤੇ ਫੌਜ ਮੁਖੀ ਉਪੇਂਦਰ ਦਿਵੇਦੀ ਨੇ ਬੁੱਧਵਾਰ ਨੂੰ ਦਿੱਲੀ ਵਿੱਚ ਇੱਕ ਸਨਮਾਨ ਸਮਾਰੋਹ ਵਿੱਚ ਉਨ੍ਹਾਂ ਨੂੰ ਇਹ ਸਨਮਾਨਤ ਖਿਤਾਬ ਪ੍ਰਦਾਨ ਕੀਤਾ। ਇਸ ਮੌਕੇ 'ਤੇ ਉਨ੍ਹਾਂ ਦੀ ਮਾਂ ਸਰੋਜ ਦੇਵੀ, ਪਿਤਾ ਸਤੀਸ਼ ਚੋਪੜਾ, ਚਾਚਾ ਭੀਮ ਚੋਪੜਾ ਅਤੇ ਪਤਨੀ ਹਿਮਾਨੀ ਮੋਰ ਵੀ ਮੌਜੂਦ ਸਨ।

ਨੀਰਜ ਚੋਪੜਾ 26 ਅਗਸਤ, 2016 ਨੂੰ ਨਾਇਬ ਸੂਬੇਦਾਰ ਵਜੋਂ ਫੌਜ ਵਿੱਚ ਸ਼ਾਮਲ ਹੋਏ ਸਨ। ਉਨ੍ਹਾਂ ਨੂੰ 2021 ਵਿੱਚ ਸੂਬੇਦਾਰ ਵਜੋਂ ਤਰੱਕੀ ਦਿੱਤੀ ਗਈ ਸੀ। ਟੋਕੀਓ ਓਲੰਪਿਕ ਵਿੱਚ ਸੋਨ ਤਗਮਾ ਜਿੱਤਣ ਤੋਂ ਬਾਅਦ, ਉਨ੍ਹਾਂ ਨੂੰ ਫੌਜ ਵੱਲੋਂ ਪਰਮ ਵਿਸ਼ਿਸ਼ਟ ਸੇਵਾ ਮੈਡਲ ਨਾਲ ਸਨਮਾਨਿਤ ਕੀਤਾ ਗਿਆ ਸੀ। 2022 ਵਿੱਚ, ਨੀਰਜ ਨੂੰ ਸੂਬੇਦਾਰ ਮੇਜਰ ਵਜੋਂ ਤਰੱਕੀ ਦਿੱਤੀ ਗਈ ਸੀ।

14 ਮਈ ਨੂੰ, ਭਾਰਤੀ ਫੌਜ ਨੇ ਨੀਰਜ ਚੋਪੜਾ ਨੂੰ ਟੈਰੀਟੋਰੀਅਲ ਆਰਮੀ ਵਿੱਚ ਲੈਫਟੀਨੈਂਟ ਕਰਨਲ ਦਾ ਆਨਰੇਰੀ ਖਿਤਾਬ ਦਿੱਤਾ। ਨੀਰਜ ਨੂੰ ਖੇਡਾਂ ਵਿੱਚ ਉਨ੍ਹਾਂ ਦੇ ਅਸਾਧਾਰਨ ਯੋਗਦਾਨ ਅਤੇ ਰਾਸ਼ਟਰ ਪ੍ਰਤੀ ਉਨ੍ਹਾਂ ਦੀ ਵਚਨਬੱਧਤਾ ਲਈ ਇਹ ਸਨਮਾਨ ਦਿੱਤਾ ਗਿਆ। ਗਜ਼ਟ ਦੇ ਅਨੁਸਾਰ, ਇਹ ਨਿਯੁਕਤੀ 16 ਅਪ੍ਰੈਲ ਤੋਂ ਲਾਗੂ ਹੋਈ।

ਨੀਰਜ ਚੋਪੜਾ ਦੁਨੀਆ ਦਾ ਨੰਬਰ 2 ਜੈਵਲਿਨ ਥ੍ਰੋਅਰ ਹੈ। ਉਸਨੇ ਲਗਾਤਾਰ ਦੋ ਓਲੰਪਿਕ ਖੇਡਾਂ ਵਿੱਚ ਭਾਰਤ ਲਈ ਤਗਮੇ ਜਿੱਤੇ ਹਨ। ਨੀਰਜ ਨੇ ਪੈਰਿਸ ਓਲੰਪਿਕ ਵਿੱਚ ਚਾਂਦੀ ਅਤੇ ਟੋਕੀਓ ਓਲੰਪਿਕ ਵਿੱਚ ਸੋਨ ਤਗਮਾ ਜਿੱਤਿਆ। ਇਸ ਤੋਂ ਇਲਾਵਾ, ਉਸਨੇ ਵਿਸ਼ਵ ਚੈਂਪੀਅਨਸ਼ਿਪ, ਏਸ਼ੀਆਈ ਖੇਡਾਂ ਅਤੇ ਰਾਸ਼ਟਰਮੰਡਲ ਖੇਡਾਂ ਵਰਗੇ ਵਿਸ਼ਵ ਪੱਧਰੀ ਟੂਰਨਾਮੈਂਟਾਂ ਵਿੱਚ ਭਾਰਤ ਲਈ ਸੋਨ ਤਗਮੇ ਜਿੱਤੇ ਹਨ।

# ਮਹਿਲਾ ਪੰਚਾਇਤ ਮੈਂਬਰ ਦੀ ਗੋਲੀ ਲੱਗਣ ਨਾਲ ਮੌਤ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com



ਤਰਨਤਾਰਨ ਦੇ ਪੱਟੀ ਤੋਂ ਵੱਡੀ ਖ਼ਬਰ ਸਾਹਮਣੇ ਆ ਰਹੀ ਹੈ। ਇਥੇ ਪਿੰਡ ਧਗਾਨਾ ਵਿਚ ਮਹਿਲਾ ਪੰਚਾਇਤ ਮੈਂਬਰ ਦੀ ਗੋਲੀ ਲੱਗਣ ਨਾਲ ਮੌਤ ਹੋ ਗਈ। ਮ੍ਰਿਤਕ ਦੀ ਪਛਾਣ ਮਨਦੀਪ ਕੌਰ ਪਤਨੀ ਦੇਵਿੰਦਰ ਸਿੰਘ ਵਜੋਂ ਹੋਈ ਹੈ।

ਜਾਣਕਾਰੀ ਅਨੁਸਾਰ ਦੋ ਧਿਰਾਂ ਵਿਚਕਾਰ ਹੋਏ ਝਗੜੇ ਦੌਰਾਨ ਗੋਲੀ ਚੱਲੀ। ਗੋਲੀ ਮਹਿਲਾ ਪੰਚਾਇਤ ਮੈਂਬਰ ਨੂੰ ਲੱਗੀ ਜਿਸ ਨਾਲ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਇਸ ਦੌਰਾਨ ਦੋ ਵਿਅਕਤੀ ਜ਼ਖ਼ਮੀ ਵੀ ਹੋ ਗਏ। ਜਿਨ੍ਹਾਂ ਨੂੰ ਨੇੜਲੇ ਹਸਪਤਾਲ ਦਾਖ਼ਲ ਕਰਵਾਇਆ ਗਿਆ। ਦੱਸਿਆ ਜਾ ਰਿਹਾ ਹੈ ਕਿ ਪਿੰਡ ਦੇ ਸਾਬਕਾ ਸਰਪੰਚ ਦੇ ਲੜਕੇ ਵੱਲੋਂ ਇਸ ਘਟਨਾ ਨੂੰ ਅੰਜਾਮ ਦਿੱਤਾ ਗਿਆ ਹੈ । ਇਸ ਦੌਰਾਨ ਦੋ ਹੋਰ ਜ਼ਖ਼ਮੀ ਹੋਏ ਜਿਨ੍ਹਾਂ ਵਿੱਚ ਗੁਰਪ੍ਰੀਤ ਸਿੰਘ ਪੁੱਤਰ ਗੁਰਵੇਲ ਸਿੰਘ ਤੇ ਦਿਲਬਾਗ ਸਿੰਘ ਪੁੱਤਰ ਮੁਖਤਿਆਰ ਸਿੰਘ ਵਾਸੀ ਧਗਾਨਾ ਵਜੋਂ ਹੋਈ ਹੈ।

ਇਸ ਮੌਕੇ ਥਾਣਾ ਮੁਖੀ ਨੇ ਦੱਸਿਆ ਕੀ ਮਾਮਲੇ ਵਿੱਚ ਕਾਰਵਾਈ ਕਰਦਿਆਂ ਮੁਲਜ਼ਮਾਂ ਖ਼ਿਲਾਫ਼ ਕਤਲ ਦਾ ਮੁਕੱਦਮਾ ਦਰਜ ਕਰਕੇ ਅਗਲੇਰੀ ਕਾਰਵਾਈ ਆਰੰਭ ਕਰ ਦਿੱਤੀ ਹੈ। ਉਹਨਾਂ ਕਿਹਾ ਕਿ ਮ੍ਰਿਤਕਾ ਦੀ ਲਾਸ਼ ਨੂੰ ਪੋਸਟਮਾਰਟਮ ਕਰਵਾਉਣ ਉਪਰੰਤ ਵਾਰਸਾਂ ਦੇ ਹਵਾਲੇ ਕੀਤਾ ਜਾਵੇਗਾ।

# 'ਸ਼ੌਕਪਾਲ' ਜਾਂ ਲੋਕਪਾਲ? BMW ਕਾਰ ਖਰੀਦਣ ਦੇ ਟੈਂਡਰ ਨਾਲ ਦੇਸ਼ ਵਿੱਚ ਸਿਆਸਤ ਤੇਜ਼, ਵਿਰੋਧੀ ਪਾਰਟੀਆਂ ਨੇ ਚੁੱਕੇ ਸਵਾਲ

"ਇਕੁਐਲਿਟੀ ਐਂਡ ਜਸਟਿਸ" ਪਟਿਆਲਾ 22 ਅਕਤੂਬਰ INTERNATIONAL PAPER, 94636 01616 hardipchumber57@gmail.com



LOKPAL OF INDIA
भारत के लोकपाल

ਨਵੀਂ ਦਿੱਲੀ, 22 ਅਕਤੂਬਰ, 2025: ਭ੍ਰਿਸ਼ਟਾਚਾਰ 'ਤੇ ਨਜ਼ਰ ਰੱਖਣ ਵਾਲੀ ਸੰਸਥਾ ਲੋਕਪਾਲ (Lokpal) ਅੱਜਕੱਲ੍ਹ ਸੱਤ ਲਗਜ਼ਰੀ BMW ਕਾਰਾਂ ਦੀ ਖਰੀਦ ਦੇ ਟੈਂਡਰ ਨੂੰ ਲੈ ਕੇ ਵਿਵਾਦਾਂ ਵਿੱਚ ਘਿਰੀ ਹੋਈ ਹੈ। ਲਗਭਗ 5 ਕਰੋੜ ਰੁਪਏ ਦੀ ਅੰਦਾਜ਼ਨ ਲਾਗਤ ਵਾਲੀਆਂ ਇਨ੍ਹਾਂ ਗੱਡੀਆਂ ਦੀ ਖਰੀਦ 'ਤੇ ਵਿਰੋਧੀ ਪਾਰਟੀਆਂ ਨੇ ਤਿੱਖਾ ਹਮਲਾ ਬੋਲਿਆ ਹੈ, ਜਿਸ ਤੋਂ ਬਾਅਦ ਦੇਸ਼ ਦੀ ਸਿਆਸਤ ਗਰਮਾ ਗਈ ਹੈ। ਵਿਰੋਧੀ ਨੇਤਾਵਾਂ ਨੇ ਤੰਜ ਕੱਸਦਿਆਂ ਕਿਹਾ ਹੈ ਕਿ ਹੁਣ ਇਹ ਸੰਸਥਾ 'ਲੋਕਪਾਲ' ਨਹੀਂ, ਸਗੋਂ 'ਸ਼ੌਕਪਾਲ' ਹੋ ਗਈ ਹੈ।

### ਕੀ ਹੈ ਪੂਰਾ ਮਾਮਲਾ?

1. ਟੈਂਡਰ ਜਾਰੀ: ਲੋਕਪਾਲ ਨੇ 16 ਅਕਤੂਬਰ ਨੂੰ ਇਹ ਵਿਵਾਦਿਤ ਟੈਂਡਰ ਜਾਰੀ ਕੀਤਾ।

2. ਗੱਡੀਆਂ ਦੀ ਮੰਗ: ਟੈਂਡਰ ਵਿੱਚ BMW 3 Series 330Li M Sport (ਲੌਂਗ ਵ੍ਹੀਲਬੇਸ, ਚਿੱਟੇ ਰੰਗ ਦੀ) ਦੀਆਂ ਕੁੱਲ 7 ਗੱਡੀਆਂ ਖਰੀਦਣ ਦੀ ਗੱਲ ਕਹੀ ਗਈ ਹੈ।

3. ਲਾਗਤ: ਪ੍ਰਤੀ ਗੱਡੀ ਦੀ ਕੀਮਤ ਲਗਭਗ 69.5 ਲੱਖ ਰੁਪਏ ਦੱਸੀ ਗਈ ਹੈ, ਜਿਸ ਨਾਲ ਕੁੱਲ ਲਾਗਤ ਕਰੀਬ 5 ਕਰੋੜ ਰੁਪਏ ਹੋ ਜਾਵੇਗੀ।

4. ਉਪਯੋਗ: ਇਹ ਗੱਡੀਆਂ ਲੋਕਪਾਲ ਦੇ ਚੇਅਰਮੈਨ ਜਸਟਿਸ ਏ.ਐਮ. ਖਾਨਵਿਲਕਰ (ਸੇਵਾਮੁਕਤ) ਅਤੇ ਇਸ ਦੇ ਛੇ ਹੋਰ ਮੈਂਬਰਾਂ ਲਈ ਖਰੀਦੀਆਂ ਜਾ ਰਹੀਆਂ ਹਨ।

### ਵਿਰੋਧੀ ਹੋਏ ਹਮਲਾਵਰ: ਕਿਸ ਨੇ ਕੀ ਕਿਹਾ?

ਲੋਕਪਾਲ ਦੇ ਇਸ ਟੈਂਡਰ ਦੇ ਸਾਹਮਣੇ ਆਉਣ ਤੋਂ ਬਾਅਦ ਕਈ ਪ੍ਰਮੁੱਖ ਵਿਰੋਧੀ ਨੇਤਾਵਾਂ ਨੇ ਸੰਸਥਾ 'ਤੇ ਨਿਸ਼ਾਨਾ ਸਾਧਿਆ ਹੈ:

1. ਜੈਰਾਮ ਰਮੇਸ਼ (ਕਾਂਗਰਸ): ਉਨ੍ਹਾਂ ਤੰਜ ਕੱਸਦਿਆਂ ਕਿਹਾ ਕਿ ਜਿਨ੍ਹਾਂ ਲੋਕਾਂ ਨੇ ਮਨਮੋਹਨ ਸਿੰਘ ਸਰਕਾਰ ਦੇ ਖਿਲਾਫ ਝੂਠਾ ਪ੍ਰਚਾਰ ਕੀਤਾ, ਹੁਣ ਉਨ੍ਹਾਂ ਨੂੰ ਲੋਕਪਾਲ ਦੀ ਅਸਲੀਅਤ ਦੇਖਣੀ ਚਾਹੀਦੀ ਹੈ।

2. ਪੀ. ਚਿਦੰਬਰਮ (ਕਾਂਗਰਸ): ਉਨ੍ਹਾਂ ਸਵਾਲ ਉਠਾਇਆ ਕਿ ਜਦੋਂ ਸੁਪਰੀਮ ਕੋਰਟ (Supreme Court) ਦੇ ਜੱਜਾਂ (Judges) ਨੂੰ ਮਾਮੂਲੀ ਕਾਰਾਂ ਮਿਲਦੀਆਂ ਹਨ, ਤਾਂ ਲੋਕਪਾਲ ਦੇ ਮੈਂਬਰਾਂ ਨੂੰ BMW ਵਰਗੀਆਂ ਮਹਿੰਗੀਆਂ ਕਾਰਾਂ ਕਿਉਂ ਚਾਹੀਦੀਆਂ ਹਨ?

3. ਅਭਿਸ਼ੇਕ ਮਨੂ ਸਿੰਘਵੀ (ਕਾਂਗਰਸ): ਉਨ੍ਹਾਂ ਤਿੱਖੇ ਸ਼ਬਦਾਂ ਵਿੱਚ ਕਿਹਾ, "8703 ਸ਼ਿਕਾਇਤਾਂ, ਸਿਰਫ 24 ਜਾਂਚਾਂ, 6 ਮੁਕੱਦਮਾ ਚਲਾਉਣ ਦੀਆਂ ਮਨਜ਼ੂਰੀਆਂ (Prosecution Sanctions) ਅਤੇ ਹੁਣ BMW... ਇਹ ਸੰਸਥਾ 'ਪੈਂਥਰ' (Panther) ਨਹੀਂ, ਸਗੋਂ ਇੱਕ 'ਪੂਡਲ' (Poodle) ਬਣ ਕੇ ਰਹਿ ਗਈ ਹੈ।"

4. ਸਾਕੇਤ ਗੋਖਲੇ (ਟੀ.ਐਮ.ਸੀ. ਸੰਸਦ ਮੈਂਬਰ): ਉਨ੍ਹਾਂ ਅੰਕੜਿਆਂ ਦਾ ਹਵਾਲਾ ਦਿੰਦੇ ਹੋਏ ਦੱਸਿਆ ਕਿ ਲੋਕਪਾਲ ਦਾ ਸਾਲਾਨਾ ਬਜਟ 44.32 ਕਰੋੜ ਰੁਪਏ ਹੈ ਅਤੇ ਇਹ ਗੱਡੀਆਂ ਉਸੇ ਬਜਟ ਦਾ ਲਗਭਗ 10% ਹਿੱਸਾ ਹਨ।

5. ਪ੍ਰਿਯੰਕਾ ਚਤੁਰਵੇਦੀ (ਸ਼ਿਵ ਸੈਨਾ-ਯੂ.ਬੀ.ਟੀ.): ਉਨ੍ਹਾਂ ਸਰਕਾਰ 'ਤੇ ਸਵਾਲ ਉਠਾਉਂਦੇ ਹੋਏ ਕਿਹਾ ਕਿ ਜੋ ਸਰਕਾਰ ਹਮੇਸ਼ਾ 'ਦੇਸੀ' ਉਤਪਾਦਾਂ ਦੀ ਗੱਲ ਕਰਦੀ ਹੈ, ਉਹ ਵਿਦੇਸ਼ੀ ਕੰਪਨੀ ਦੀਆਂ ਕਾਰਾਂ ਕਿਉਂ ਖਰੀਦ ਰਹੀ ਹੈ?

### ਟੈਂਡਰ ਦੀਆਂ ਹੋਰ ਸ਼ਰਤਾਂ

1. ਮੁਫ਼ਤ ਟ੍ਰੇਨਿੰਗ: ਟੈਂਡਰ ਮੁਤਾਬਕ, ਵਿਕਰੇਤਾ (Vendor) ਨੂੰ ਡਰਾਈਵਰਾਂ ਲਈ 7 ਦਿਨਾਂ ਦੀ ਮੁਫ਼ਤ ਟ੍ਰੇਨਿੰਗ ਦੇਣੀ ਹੋਵੇਗੀ, ਜਿਸ ਵਿੱਚ ਕਾਰ ਦੇ ਸਾਰੇ ਫੀਚਰਜ਼, ਸੁਰੱਖਿਆ ਉਪਾਵਾਂ (Safety Measures) ਅਤੇ ਐਮਰਜੈਂਸੀ ਹੈਂਡਲਿੰਗ ਦੀ ਜਾਣਕਾਰੀ ਸ਼ਾਮਲ ਹੋਵੇਗੀ। ਇਹ ਟ੍ਰੇਨਿੰਗ ਡਿਲੀਵਰੀ ਦੇ 15 ਦਿਨਾਂ ਦੇ ਅੰਦਰ ਪੂਰੀ ਹੋਣੀ ਚਾਹੀਦੀ ਹੈ।

2. ਬੋਲੀ ਦੀ ਆਖਰੀ ਤਾਰੀਖ: ਬੋਲੀ (Bidding) ਲਗਾਉਣ ਦੀ ਆਖਰੀ ਤਾਰੀਖ 6 ਨਵੰਬਰ ਨਿਰਧਾਰਤ ਕੀਤੀ ਗਈ ਹੈ।

3. ਜਮ੍ਹਾਂ ਰਾਸ਼ੀ: ਏਜੰਸੀਆਂ ਨੂੰ 10 ਲੱਖ ਰੁਪਏ ਦੀ ਜਮ੍ਹਾਂ ਰਾਸ਼ੀ (Earnest Money Deposit - EMD) ਵੀ ਦੇਣੀ ਹੋਵੇਗੀ।

4. ਸਪਲਾਈ ਸਮਾਂ ਸੀਮਾ: ਡਿਲੀਵਰੀ ਆਰਡਰ ਮਿਲਣ ਤੋਂ ਬਾਅਦ, ਗੱਡੀਆਂ ਨੂੰ 2 ਹਫ਼ਤਿਆਂ ਤੋਂ ਲੈ ਕੇ 30 ਦਿਨਾਂ ਦੇ ਅੰਦਰ ਸਪਲਾਈ ਕਰਨਾ ਹੋਵੇਗਾ।

ਇਸ ਖਰੀਦ 'ਤੇ ਸ਼ੁਰੂ ਹੋਏ ਵਿਵਾਦ ਨੇ ਭ੍ਰਿਸ਼ਟਾਚਾਰ 'ਤੇ ਨਜ਼ਰ ਰੱਖਣ ਵਾਲੀ ਇੱਕ ਮਹੱਤਵਪੂਰਨ ਸੰਸਥਾ ਦੀ ਕਾਰਜਸ਼ੈਲੀ 'ਤੇ ਗੰਭੀਰ ਸਵਾਲ ਖੜ੍ਹੇ ਕਰ ਦਿੱਤੇ ਹਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਅਕਤੂਬਰ
INTERNATIONAL PAPER, 94636 01616
hardipchumber57@gmail.com

# ਸਾਡੀ ਆਜ਼ਾਦੀ ਦੀ ਲੜਾਈ ਹਾਲੇ ਬਾਕੀ ਹੈ- ਬਾਬਾ ਸਾਹਿਬ

ਬਾਬਾ ਸਾਹਿਬ ਕਹਿੰਦੇ ਹਨ

ਇੰਜੀ. ਹਰਦੀਪ ਸਿੰਘ ਚੁੰਬਰ

**1935 ਦੇ ਐਕਟ ਦੇ ਲਾਗੂ ਹੋਣ ਤੋਂ ਬਾਅਦ, ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਨੇ 1937 ਵਿੱਚ ਭਾਰਤ ਦੇ ਅੱਧੇ ਰਾਜਾਂ ਵਿੱਚ ਸਰਕਾਰਾਂ ਬਣਾਈਆਂ ਅਤੇ ਚਤਰਵਰਨ ਦੇ ਹਿੰਦੂ ਲੋਕਾਂ ਨੇ 7 ਰਾਜਾਂ ਦੇ ਬ੍ਰਾਹਮਣ ਮੁੱਖ ਮੰਤਰੀ ਬਣਾਏ ਅਤੇ ਮੰਤਰੀ, ਵਿਧਾਇਕ ਬਣੇ ਅਤੇ ਸੰਸਦ ਮੈਂਬਰ ਆਦਿ ਵੀ ਬਣਨ ਲੱਗੇ। ਹੁਣ ਸ਼ਾਸਨ, ਪ੍ਰਸ਼ਾਸਨ ਦਾ ਪ੍ਰਬੰਧ ਭਾਰਤ ਚਤਰਵਰਨ ਦੇ ਲੋਕਾਂ ਦੇ ਹੱਥਾਂ ਵਿੱਚ ਸੀ, ਫਿਰ ਵੀ ਇਹ ਲੋਕ ਆਪਣੇ ਆਪ ਨੂੰ ਅੰਗਰੇਜ਼ਾਂ ਦਾ ਗੁਲਾਮ ਮੰਨਦੇ ਸਨ। 1947 ਵਿੱਚ ਸੱਤਾ ਬਦਲਣ ਤੋਂ ਬਾਅਦ, ਅਨੁਸੂਚਿਤ ਵਰਗ ਨੂੰ ਲਗਭਗ ਉਹ ਜਿਹੇ ਅਧਿਕਾਰਾਂ ਦੀ ਪ੍ਰਾਪਤੀ ਦਾ ਕੁੱਝ ਲਾਭ ਹੋਇਆ ਜਿਹੇ ਜਿਹਾ ਲਾਭ ਬ੍ਰਿਟਿਸ਼ ਸ਼ਾਸਨ ਕਾਲ ਦੌਰਾਨ ਚਤਰਵਰਨ ਦੇ ਹਿੰਦੂ ਲੋਕਾਂ ਨੂੰ ਹਾਸਲ ਹੋਇਆ ਸੀ। ਮੌਜੂਦਾ ਸਮੇਂ ਵੀ ਅਨੁਸੂਚਿਤ ਵਰਗ ਦੇ ਲੋਕ ਮੁੱਖ ਮੰਤਰੀ, ਮੰਤਰੀ, ਵਿਧਾਇਕ, ਸੰਸਦ ਮੈਂਬਰ ਬਣ ਜਾਂਦੇ ਹਨ, ਪਰ ਉਹ ਸਮਾਨਤਾ ਦੇ ਅਧਿਕਾਰਾਂ ਤੋਂ ਵਾਂਝੇ ਵਰਗ ਨੂੰ ਬਣਦਾ ਹੱਕ ਦਿਵਾਉਣ ਦੇ ਲਈ ਕੁੱਝ ਵੀ ਨਹੀਂ ਕਰ ਸਕਦੇ।**

## ਜੇਕਰ ਸਮਾਂ ਅਤੇ ਹਾਲਾਤ ਅਨੁਕੂਲ ਹੋਣ ਤਾਂ ਦੁਨੀਆ ਦੀ ਕੋਈ ਵੀ ਤਾਕਤ ਇਸ ਦੇਸ਼ ਨੂੰ ਇਕਜੁੱਟ ਹੋਣ ਤੋਂ ਨਹੀਂ ਰੋਕ ਸਕਦੀ।

ਸੰਸਦ ਦਾ ਕੰਮਕਾਜ 9 ਦਸੰਬਰ 1946 ਨੂੰ ਸ਼ੁਰੂ ਹੋਇਆ। ਕੁੱਲ 296 ਮੈਂਬਰ ਪਾਰਲੀਮੈਂਟ ਲਈ ਚੁਣੇ ਗਏ ਸਨ। ਇਨ੍ਹਾਂ ਵਿੱਚੋਂ 207 ਮੈਂਬਰਾਂ ਨੇ ਕੰਮ ਵਿੱਚ ਹਿੱਸਾ ਲਿਆ। 89 ਮੈਂਬਰ ਗੈਰਹਾਜ਼ਰ ਰਹੇ। ਇਹ ਕਹਿਣਾ ਜ਼ਿਆਦਾ ਸਹੀ



ਹੋਵੇਗਾ ਕਿ ਉਨ੍ਹਾਂ ਨੇ ਸੰਸਦ ਦੇ ਕੰਮਕਾਜ ਦਾ ਬਾਈਕਾਟ ਕੀਤਾ ਸੀ। ਇਨ੍ਹਾਂ ਵਿੱਚੋਂ ਬਹੁਤੇ ਮੈਂਬਰ ਮੁਸਲਿਮ ਲੀਗ ਅਤੇ ਰਿਆਸਤਾਂ ਦੇ ਨੁਮਾਇੰਦੇ ਸਨ।

13 ਦਸੰਬਰ, 1946 ਨੂੰ, ਪੰਡਿਤ ਜਵਾਹਰ ਲਾਲ ਨਹਿਰੂ ਨੇ ਸੰਵਿਧਾਨ ਦੇ ਗੁਣਾਂ ਅਤੇ ਟੀਚਿਆਂ ਦਾ ਵਰਣਨ ਕਰਨ ਵਾਲਾ ਪ੍ਰਸਤਾਵ ਪੇਸ਼ ਕੀਤਾ। ਉਨ੍ਹਾਂ ਆਪਣੇ ਭਾਸ਼ਣ ਵਿੱਚ ਕਿਹਾ ਕਿ ਹਰ ਵਾਰ ਦੀ ਤਰ੍ਹਾਂ ਇਸ ਵਾਰ ਵੀ ਮੈਂਬਰਾਂ ਨੂੰ ਹੱਥ ਖੜ੍ਹੇ ਕਰਕੇ ਨਹੀਂ ਸਗੋਂ ਖੜ੍ਹੇ ਹੋ ਕੇ ਇਹ ਮਤਾ ਪਾਸ ਕਰਨਾ ਚਾਹੀਦਾ ਹੈ। ਉਮੀਦ ਕਰਦਾ ਹਾਂ। ਸ਼੍ਰੀ ਪੁਰਸ਼ੋਤਮਦਾਸ ਟੰਡਨ ਨੇ ਪ੍ਰਸਤਾਵ ਦਾ ਸਮਰਥਨ ਕਰਦੇ ਹੋਏ ਬਿਆਨ ਦਿੱਤਾ। ਡਾ: ਐਮ.ਆਰ. ਜੈਕਰ ਨੇ ਸ੍ਰੀ ਨਹਿਰੂ ਦੇ ਪ੍ਰਸਤਾਵ ਵਿੱਚ ਸੁਧਾਰਾਂ ਦਾ ਪ੍ਰਸਤਾਵ ਰੱਖਿਆ। ਉਨ੍ਹਾਂ ਅਨੁਸਾਰ ਭਾਰਤ ਨੂੰ ਇੱਕ ਆਜ਼ਾਦ, ਜਮਹੂਰੀ, ਪ੍ਰਭੂਸੱਤਾ ਸੰਪੰਨ ਰਾਜ ਬਣਾਉਣ ਲਈ ਸੰਵਿਧਾਨ ਨੂੰ ਇਸ ਦੇ ਅਨੁਕੂਲ ਬਣਾਉਣ ਲਈ ਮੁਸਲਿਮ ਲੀਗ ਅਤੇ ਭਾਰਤੀ ਰਿਆਸਤਾਂ ਦੇ ਨੁਮਾਇੰਦਿਆਂ ਦੇ ਸਹਿਯੋਗ ਦੀ ਲੋੜ ਹੈ। ਇਸ ਨਾਲ ਇਸ ਪ੍ਰਸਤਾਵ ਨੂੰ ਇਕ ਵੱਖਰੀ ਤਾਕਤ ਮਿਲੇਗੀ। ਇਸ ਦੇ ਲਈ ਜੇਕਰ ਇਨ੍ਹਾਂ ਦੋਵਾਂ ਸੰਸਥਾਵਾਂ ਦੇ ਨੁਮਾਇੰਦੇ ਹਿੱਸਾ ਲੈਣਾ ਚਾਹੁੰਦੇ ਹਨ ਤਾਂ ਉਨ੍ਹਾਂ ਦੀ ਸ਼ਮੂਲੀਅਤ ਤੱਕ ਪ੍ਰਸਤਾਵ 'ਤੇ ਚਰਚਾ ਨੂੰ ਅੱਗੇ ਵਧਾ ਸਕਦੇ ਹਾਂ।

ਕੁਝ ਅਪਵਾਦਾਂ ਨੂੰ ਛੱਡ ਕੇ, ਬਹੁਤ ਸਾਰੇ ਮੈਂਬਰਾਂ ਨੇ ਸ਼੍ਰੀ ਜੈਕਰ ਦੁਆਰਾ ਸੁਝਾਏ ਗਏ ਸੁਧਾਰਾਂ ਦਾ ਸਖ਼ਤ ਵਿਰੋਧ ਕੀਤਾ। ਉਹ ਕਿਸੇ ਵੀ ਹਾਲਤ ਵਿੱਚ ਚਰਚਾ ਨੂੰ ਮੁਲਤਵੀ ਨਹੀਂ ਹੋਣ ਦੇਣਾ ਚਾਹੁੰਦੇ ਸਨ।

ਇਸ ਪਿਛੋਕੜ 'ਤੇ ਸੰਵਿਧਾਨ ਸਭਾ ਦੇ ਪ੍ਰਧਾਨ ਡਾ: ਰਾਜਿੰਦਰ ਪ੍ਰਸਾਦ ਨੇ ਡਾ: ਬਾਬਾ ਸਾਹਿਬ ਨੂੰ ਅਗਲੇ ਬੁਲਾਰੇ ਵਜੋਂ ਸੱਦਾ ਦਿੱਤਾ। ਉਹ ਦਿਨ ਅਤੇ ਤਾਰੀਖ ਮੰਗਲਵਾਰ, 17 ਦਸੰਬਰ, 1946 ਸੀ। ਸੰਵਿਧਾਨ ਸਭਾ ਦਾ ਕੰਮ ਸ਼ੁਰੂ ਹੋਣ ਤੋਂ ਬਾਅਦ 9ਵੇਂ ਦਿਨ ਡਾ. ਅੰਬੇਡਕਰ ਨੇ ਪਹਿਲੀ ਵਾਰ ਆਪਣਾ ਭਾਸ਼ਣ ਦਿੱਤਾ। ਜਦੋਂ ਉਹ ਭਾਸ਼ਣ ਦੇਣ ਲਈ ਉੱਠਿਆ ਤਾਂ ਕਈਆਂ ਨੇ ਮਹਿਸੂਸ ਕੀਤਾ ਕਿ ਡਾ: ਜੈਕਰ ਵਾਂਗ ਡਾ: ਅੰਬੇਡਕਰ ਵੀ ਸਭਾ ਮੈਂਬਰਾਂ ਦੇ ਗੁੱਸੇ ਦਾ ਸ਼ਿਕਾਰ ਹੋ ਜਾਣਗੇ। ਪਰ ਹੋਇਆ ਬਿਲਕੁਲ ਉਲਟ। ਇਸ ਘਟਨਾ ਦਾ ਵੇਰਵਾ ਦਿੰਦਿਆਂ ਵਿਧਾਨ ਸਭਾ ਮੈਂਬਰ ਅਤੇ ਚਸ਼ਮਦੀਦ ਗਵਾਹ ਨੰ. ਵੀ. ਗਾਡਗਿਲ ਦਾ ਕਹਿਣਾ ਹੈ, 'ਉਸ ਦਾ ਬਿਆਨ ਕਿਸੇ ਤਜਰਬੇਕਾਰ ਸਿਆਸਤਦਾਨ ਵਰਗਾ ਸੀ। ਉਸ ਵਿਚ ਬਿਲਕੁਲ ਵੀ ਕੁੜੱਤਣ ਨਹੀਂ ਸੀ। ਉਹ ਇਮਾਨਦਾਰੀ ਨਾਲ ਬਿਆਨ ਕਰ ਰਿਹਾ ਸੀ ਅਤੇ ਸਾਰੀ ਸਭਾ ਮਸਤੀ ਨਾਲ ਸੁਣ ਰਹੀ ਸੀ। ਉਨ੍ਹਾਂ ਦੇ ਭਾਸ਼ਣ ਦਾ ਸਾਰੇ ਮੈਂਬਰਾਂ ਨੇ ਬੜੇ ਉਤਸ਼ਾਹ ਨਾਲ ਸਵਾਗਤ ਕੀਤਾ। ਸਾਰਿਆਂ ਨੇ ਉਸ ਨੂੰ ਵਧਾਈ ਦੇਣ ਲਈ ਆਡੀਟੋਰੀਅਮ ਦੀ ਲਾਬੀ ਵਿੱਚ ਘੇਰ ਲਿਆ।

ਇਸ ਘਟਨਾ ਦਾ ਵਰਣਨ ਕਰਦੇ ਹੋਏ ਸ਼੍ਰੀ ਧਨੰਜੇ ਕੀਰ, ਜਿਨ੍ਹਾਂ ਨੇ ਡਾ. ਅੰਬੇਡਕਰ ਦੀ ਕਾਰਵਾਈ ਬਾਰੇ ਲਿਖਿਆ ਹੈ, ਲਿਖਦੇ ਹਨ - ਇੱਕ ਵੱਡਾ ਸਿਰ, ਮਜ਼ਬੂਤ ਠੋਡੀ, ਲੰਬਾ ਗੋਲ ਚਿਹਰਾ, ਗੰਭੀਰ ਅਤੇ ਚਮਕਦਾਰ ਚਿਹਰਾ ਅਤੇ ਵਧੀਆ ਕੱਪੜੇ ਪਹਿਨੇ ਇੱਕ ਮਜ਼ਬੂਤ ਸ਼ਖਸੀਅਤ ਜੈਕਰ ਦੇ ਸਮਰਥਨ ਲਈ ਖੜ੍ਹੀ ਸੀ। ਜਾਣਕਾਰੀ ਰਹਿ ਗਈ। ਉਹ ਸ਼ਖਸੀਅਤ ਡਾ: ਭੀਮ ਰਾਓ ਅੰਬੇਡਕਰ ਸੀ। ਕਾਂਗਰਸ ਦੇ ਕੱਟੜ ਵਿਰੋਧੀ ਹਨ। ਉਹ ਕਈ ਵਾਰ ਜਨਤਕ ਅਤੇ ਨਿੱਜੀ ਗੱਲਬਾਤ ਵਿੱਚ ਕਾਂਗਰਸ ਦੇ ਤਰੀਕਿਆਂ ਅਤੇ ਨੇਤਾਵਾਂ ਦਾ ਮਜ਼ਾਕ ਉਡਾ ਚੁੱਕੇ ਹਨ। ਸੁਭਾਵਿਕ ਤੌਰ 'ਤੇ ਸੰਵਿਧਾਨ ਸਭਾ ਦੇ ਸਾਰੇ ਮੈਂਬਰਾਂ ਦੀਆਂ ਨਜ਼ਰਾਂ ਉਸ 'ਤੇ ਟਿਕੀਆਂ ਹੋਈਆਂ ਸਨ। ਡਾ: ਅੰਬੇਡਕਰ ਨੇ ਇੱਕ ਵਾਰ ਸਾਰੇ ਮੈਂਬਰਾਂ ਵੱਲ ਅੱਖਾਂ ਫੇਰੀਆਂ। ਹਰ ਮੈਂਬਰ ਨੇ ਮਹਿਸੂਸ ਕੀਤਾ ਕਿ ਡਾ: ਅੰਬੇਡਕਰ ਜੈਕਰ ਦੇ ਪ੍ਰਸਤਾਵ ਦਾ ਸਮਰਥਨ ਕਰਨ ਨਾਲ ਆਪਣਾ ਵੱਕਾਰ ਗੁਆ ਦੇਣਗੇ। ਕਾਂਗਰਸੀ ਆਗੂ ਦੇਸ਼ ਦੇ ਕਰਤਾਧਰਤਾ ਆਗੂਆਂ ਦੇ ਪ੍ਰਤੀਕ ਸਨ। ਉਸ ਦੇ ਵਿਰੁੱਧ ਬੋਲਣਾ ਸੰਸਾਰਕ ਜੀਵਨ ਨੂੰ ਬਰਬਾਦ ਕਰਨ ਦੇ ਬਰਾਬਰ ਸੀ। ਕਾਂਗਰਸੀ ਮੈਂਬਰ ਉਸ ਦੀ ਥਾਂ ਆਪਣੇ ਕੱਟੜ ਵਿਰੋਧੀ ਨੂੰ ਦਿਖਾਉਣ ਲਈ ਉਤਾਵਲੇ ਹੀ ਸਨ।

ਡਾ: ਅੰਬੇਡਕਰ ਨੂੰ ਪਤਾ ਸੀ ਕਿ ਦੇਸ਼ ਦੇ ਵੱਡੇ-ਵੱਡੇ ਆਗੂ ਉਨ੍ਹਾਂ ਦੇ ਆਲੇ-ਦੁਆਲੇ ਬੈਠੇ ਹਨ। ਉਨ੍ਹਾਂ ਦੇ ਵਿਰੋਧੀਆਂ ਨੇ ਵੀ ਉਨ੍ਹਾਂ ਬਾਰੇ ਬਹੁਤ ਸਾਰੀਆਂ ਗੱਲਾਂ ਸੁਣੀਆਂ ਸਨ, ਇਹ ਉਨ੍ਹਾਂ ਦਾ ਭਾਸ਼ਣ ਪਹਿਲੀ ਵਾਰ ਸੁਣਿਆ ਸੀ। ਡਾ: ਅੰਬੇਡਕਰ ਨੇ ਆਪਣੇ ਭਾਸ਼ਣ ਦੀ ਸ਼ੁਰੂਆਤ ਗੰਭੀਰ ਲਹਿਜੇ ਵਿੱਚ, ਪੂਰੇ ਵਿਸ਼ਵਾਸ ਨਾਲ ਕੀਤੀ।

ਉਸਨੇ ਕਿਹਾ -

ਸਪੀਕਰ ਸਾਹਿਬ, ਇਸ ਮਤੇ 'ਤੇ ਬੋਲਣ ਲਈ ਮੈਨੂੰ ਸੱਦਾ ਦੇਣ ਲਈ ਮੈਂ ਤਹਿ ਦਿਲੋਂ ਧੰਨਵਾਦ ਕਰਦਾ ਹਾਂ। ਜਿਵੇਂ ਵੀ ਇਹ ਹੋ ਸਕਦਾ ਹੈ, ਮੈਨੂੰ ਇਹ ਸਵੀਕਾਰ ਕਰਨਾ ਚਾਹੀਦਾ ਹੈ ਕਿ ਮੈਂ ਤੁਹਾਡੇ ਸੱਦੇ ਤੋਂ ਹੈਰਾਨ ਹਾਂ. ਜੋ ਵੀ ਹੈ, ਮੈਨੂੰ ਇਹ ਸਵੀਕਾਰ ਕਰਨਾ ਪਏਗਾ। ਮੈਂ ਉਮੀਦ ਕਰ ਰਿਹਾ ਸੀ ਕਿ ਮੇਰੇ ਤੋਂ ਪਹਿਲਾਂ 20-22 ਲੋਕ ਬੋਲਣ ਵਾਲੇ ਹਨ, ਇਸ ਲਈ ਭਾਵੇਂ ਮੇਰੀ ਵਾਰੀ ਆਵੇਗੀ ਤਾਂ, ਕੱਲ੍ਹ ਨੂੰ ਆ ਜਾਵੇਗਾ। ਅੱਜ ਮੈਂ ਬਿਨਾਂ ਕਿਸੇ ਤਿਆਰੀ ਦੇ ਆਇਆ ਹਾਂ, ਇਸ ਲਈ ਮੈਂ ਅੱਜ ਦੀ ਬਜਾਏ ਕੱਲ੍ਹ ਬੋਲਣਾ ਪਸੰਦ ਕਰਾਂਗਾ। ਮੈਂ ਇਸ ਸਬੰਧੀ ਪੂਰੀ ਤਿਆਰੀ ਨਾਲ ਤੁਹਾਡੇ ਸਾਹਮਣੇ ਆਪਣੇ ਵਿਚਾਰ ਪੇਸ਼ ਕਰਨਾ ਚਾਹਾਂਗਾ। ਤੁਸੀਂ ਮੈਨੂੰ ਦਸ ਮਿੰਟ ਬੋਲਣ ਦੀ ਇਜਾਜ਼ਤ ਦਿੱਤੀ ਹੈ। ਮੈਨੂੰ ਸਮਝ ਨਹੀਂ ਆ ਰਿਹਾ ਕਿ ਮੈਂ ਇੰਨੇ ਥੋੜ੍ਹੇ ਸਮੇਂ ਵਿਚ ਇਸ ਪ੍ਰਸਤਾਵ 'ਤੇ ਬੋਲ ਕੇ ਕਿਵੇਂ ਇਨਸਾਫ ਕਰ ਸਕਾਂਗਾ।

ਸ਼੍ਰੀਮਾਨ ਸਪੀਕਰ, ਕੱਲ੍ਹ ਤੋਂ ਵਿਚਾਰੇ ਜਾ ਰਹੇ ਪ੍ਰਸਤਾਵ ਦੇ ਸਪੱਸ਼ਟ ਤੌਰ 'ਤੇ ਦੋ ਹਿੱਸੇ ਹਨ - ਉਨ੍ਹਾਂ ਵਿੱਚੋਂ ਇੱਕ ਵਿਵਾਦਪੂਰਨ ਹੈ ਅਤੇ ਦੂਜਾ ਉਪਯੋਗੀ ਹੈ। ਪ੍ਰਸਤਾਵ ਦਾ 5ਵਾਂ ਤੋਂ 7ਵਾਂ ਪੈਰਾ ਲਾਭਦਾਇਕ ਹੈ। ਇਨ੍ਹਾਂ ਪੈਰਿਆਂ ਵਿੱਚ ਭਾਰਤ ਦੇ ਭਵਿੱਖੀ ਸੰਵਿਧਾਨ ਦੇ ਟੀਚਿਆਂ ਨੂੰ ਦਰਸਾਇਆ ਗਿਆ ਹੈ। ਮੈਂ ਇੱਥੇ ਇਹ ਜ਼ਰੂਰ ਕਹਾਂਗਾ ਕਿ ਪੰਡਤ ਜਵਾਹਰ ਲਾਲ ਨਹਿਰੂ ਵਰਗੇ ਸਮਾਜਵਾਦੀ ਦੁਆਰਾ ਤਿਆਰ ਕੀਤਾ ਗਿਆ ਇਹ ਪ੍ਰਸਤਾਵ ਲਾਭਦਾਇਕ ਹੋ ਸਕਦਾ ਹੈ ਪਰ ਇਹ ਬੇਹੱਦ ਨਿਰਾਸ਼ਾਜਨਕ ਹੈ। ਉਸ ਨੇ ਪ੍ਰਸਤਾਵ ਦੇ ਇਸ ਹਿੱਸੇ ਵਿੱਚ ਕੀ ਸ਼ਾਮਲ ਕੀਤਾ ਹੈ; ਮੈਨੂੰ ਉਮੀਦ ਸੀ ਕਿ ਉਹ ਇਸ ਤੋਂ ਅੱਗੇ ਸੋਚਣਗੇ। ਇਤਿਹਾਸ ਦੇ ਵਿਦਿਆਰਥੀ ਹੋਣ ਦੇ ਨਾਤੇ, ਮੈਂ ਯਕੀਨੀ ਤੌਰ 'ਤੇ ਇਹ ਯਕੀਨੀ ਬਣਾਵਾਂਗਾ ਕਿ ਪ੍ਰਸਤਾਵ ਦੇ ਇਸ ਹਿੱਸੇ ਵਿੱਚ ਸ਼ਾਮਲ ਚੀਜ਼ਾਂ ਨੂੰ ਕਿਸੇ ਵੀ ਸਥਿਤੀ ਵਿੱਚ ਇਸ ਵਿੱਚ ਸ਼ਾਮਲ ਨਾ ਕੀਤਾ ਜਾਵੇ। ਮਤੇ ਦੇ ਉਸ ਹਿੱਸੇ ਨੂੰ ਪੜ੍ਹਦਿਆਂ, ਅਚਾਨਕ ਮਨੁੱਖੀ ਅਧਿਕਾਰਾਂ ਬਾਰੇ ਫਰਾਂਸ ਦੇ ਹਾਊਸ ਦੁਆਰਾ ਜਾਰੀ ਕੀਤੇ ਮੈਨੀਫੈਸਟੋ ਦਾ ਇੱਕ ਹਿੱਸਾ ਯਾਦ ਆ ਜਾਂਦਾ ਹੈ। ਅਸਲ ਵਿੱਚ 450 ਸਾਲਾਂ ਬਾਅਦ ਵੀ ਮਨੁੱਖੀ ਅਧਿਕਾਰਾਂ ਦਾ ਐਲਾਨਨਾਮਾ ਅਤੇ ਇਸ ਵਿੱਚ ਸ਼ਾਮਲ ਤੱਤ ਸਾਡੀ ਮਾਨਸਿਕਤਾ ਦਾ ਅਟੁੱਟ ਅੰਗ ਬਣੇ ਹੋਏ ਹਨ। ਜੇ ਮੈਂ ਇਹ ਕਹਾਂ ਤਾਂ ਉਚਿਤ ਹੋਵੇਗਾ। ਮੈਂ ਇਹ ਕਹਿਣਾ ਚਾਹਾਂਗਾ ਕਿ ਇਹ ਦੁਨੀਆ ਦੇ ਕਿਸੇ ਵੀ ਸੰਸਕ੍ਰਿਤ ਖੇਤਰ ਵਿੱਚ ਰਹਿਣ ਵਾਲੇ ਆਧੁਨਿਕ ਮਨੁੱਖ ਦੀ ਮਾਨਸਿਕਤਾ ਦਾ ਇੱਕ ਅਟੁੱਟ ਅੰਗ ਬਣ ਗਿਆ ਹੈ। ਸਾਡੇ ਦੇਸ਼ ਵਿੱਚ ਸ਼ਾਇਦ ਹੀ ਕੋਈ ਅਜਿਹਾ ਵਿਅਕਤੀ ਹੋਵੇ ਜੋ ਕੱਟੜਪੰਥੀ ਵਿਚਾਰ ਰੱਖਦਾ ਹੋਵੇ ਅਤੇ ਸਮਾਜਿਕ ਢਾਂਚੇ ਦੇ ਲਿਹਾਜ਼ ਨਾਲ ਪਰੰਪਰਾਵਾਦੀ ਹੋਵੇ, ਜੋ ਇਨ੍ਹਾਂ ਤੱਤਾਂ ਦੀ ਵੈਧਤਾ ਤੋਂ ਇਨਕਾਰ ਕਰਦਾ ਹੋਵੇ। ਇਸ ਤਜਵੀਜ਼ ਵਿੱਚ ਇਸਨੂੰ ਦੁਹਰਾਉਣਾ ਕਿਸੇ ਦੀ ਵਿਦਵਤਾ ਨੂੰ ਦਰਸਾਉਣ ਲਈ ਹੀ ਹੈ। ਇਹ ਸਿਧਾਂਤ ਸਾਡੀ ਸਪਸ਼ਟ ਦ੍ਰਿਸ਼ਟੀ ਦਾ ਹਿੱਸਾ ਬਣੇ ਹੋਏ ਹਨ।

ਇਸ ਲਈ, ਉਨ੍ਹਾਂ ਨੂੰ ਸਾਡੇ ਟੀਚਿਆਂ ਵਜੋਂ ਘੋਸ਼ਿਤ ਕਰਨਾ ਬੇਲੋੜਾ ਹੋ ਜਾਂਦਾ ਹੈ. ਇਸ ਪ੍ਰਸਤਾਵ ਵਿਚ ਕੁਝ ਹੋਰ ਖਾਮੀਆਂ ਵੀ ਹਨ। ਮੈਂ ਵੇਖਦਾ ਹਾਂ ਕਿ ਪ੍ਰਸਤਾਵ ਦੇ ਇਸ ਹਿੱਸੇ ਵਿੱਚ ਕੁਝ ਅਧਿਕਾਰਾਂ ਬਾਰੇ ਸਪੱਸ਼ਟ ਤੌਰ 'ਤੇ ਸਿਸਟਮ ਦੀ ਵਿਆਖਿਆ ਕੀਤੀ ਹੈ ਪਰ ਉਪਾਵਾਂ ਜਾਂ ਉਨ੍ਹਾਂ ਨੂੰ ਪ੍ਰਾਪਤ ਕਰਨ ਲਈ ਕਿਸੇ ਯੋਜਨਾ ਦਾ ਕੋਈ ਜ਼ਿਕਰ ਨਹੀਂ ਹੈ। ਤੁਸੀਂ ਜਾਣਦੇ ਹੋ ਕਿ ਜਦੋਂ ਲੋਕਾਂ ਦੇ ਹੱਕ ਖੋਹ ਲਏ ਜਾਂਦੇ ਹਨ ਤਾਂ ਅਜਿਹੀ ਵਿਵਸਥਾ ਬੇਕਾਰ ਕਹੀ ਜਾਵੇਗੀ, ਜਿਸ ਵਿੱਚ ਖੋਹੇ ਹੋਏ ਅਧਿਕਾਰਾਂ ਨੂੰ ਵਾਪਸ ਲੈਣ ਦਾ ਕੋਈ ਪ੍ਰਬੰਧ ਨਹੀਂ ਹੈ। ਮੈਨੂੰ ਅਜਿਹੇ ਉਪਾਵਾਂ ਦੀ ਘਾਟ ਮਹਿਸੂਸ ਹੁੰਦੀ ਹੈ। ਮੈਨੂੰ ਇਸ ਤਜਵੀਜ਼ ਵਿੱਚ ਕਿਤੇ ਵੀ ਇਹ ਸਰਬ-ਪ੍ਰਵਾਨਿਤ ਸਿਧਾਂਤ ਨਜ਼ਰ ਨਹੀਂ ਆਉਂਦਾ ਕਿ ਕਿਸੇ ਵੀ ਵਿਅਕਤੀ ਦੀ ਜਾਨ, ਆਜ਼ਾਦੀ ਅਤੇ ਜਾਇਦਾਦ ਨੂੰ ਕਾਨੂੰਨੀ ਕਾਰਵਾਈ ਤੋਂ ਬਿਨਾਂ ਖੋਹਿਆ ਨਹੀਂ ਜਾ ਸਕਦਾ। ਕਾਨੂੰਨ ਅਤੇ ਨੀਤੀ ਦੀਆਂ ਸੀਮਾਵਾਂ ਦੇ ਅੰਦਰ ਮੌਲਿਕ ਅਧਿਕਾਰ ਪ੍ਰਦਾਨ ਕੀਤੇ ਗਏ ਹਨ। ਅਸਲ ਵਿਚ ਕਾਨੂੰਨ ਕੀ ਹੈ ਅਤੇ ਨੀਤੀ ਦਾ ਕੀ ਅਰਥ ਹੈ, ਇਹ ਤਾਂ ਉਸ ਸਮੇਂ ਦੀ ਸਰਕਾਰ ਹੀ ਤੈਅ ਕਰੇਗੀ। ਫਿਰ ਇੱਕ ਸ਼ਾਸਕ ਇੱਕ ਦ੍ਰਿਸ਼ਟੀਕੋਣ ਨੂੰ ਅਪਣਾਏਗਾ ਅਤੇ ਦੂਜਾ ਦੂਜਾ ਦ੍ਰਿਸ਼ਟੀਕੋਣ ਅਪਣਾਏਗਾ। ਜੇਕਰ ਇਹ ਫੈਸਲਾ ਤਤਕਾਲੀ ਹਾਕਮਾਂ 'ਤੇ ਛੱਡ ਦਿੱਤਾ ਜਾਵੇ ਤਾਂ ਪਤਾ ਨਹੀਂ ਮੌਲਿਕ ਅਧਿਕਾਰਾਂ ਦੀ ਸਥਿਤੀ ਕੀ ਹੋਵੇਗੀ, ਇਹ ਦੱਸਣਾ ਔਖਾ ਹੈ। ਸਰ, ਪ੍ਰਸਤਾਵ ਵਿੱਚ ਆਰਥਿਕ, ਸਮਾਜਿਕ ਅਤੇ ਰਾਜਨੀਤਿਕ ਨਿਆਂ ਦੀ ਵਿਵਸਥਾ ਕੀਤੀ ਗਈ ਹੈ।

ਜੇਕਰ ਇਸ ਪ੍ਰਸਤਾਵ ਪਿੱਛੇ ਇਮਾਨਦਾਰੀ ਅਤੇ ਹਕੀਕਤ ਹੈ, ਜਿਸ ਬਾਰੇ ਮੈਨੂੰ ਥੋੜ੍ਹਾ ਜਿਹਾ ਵੀ ਸ਼ੱਕ ਨਹੀਂ ਹੈ, ਤਾਂ ਪ੍ਰਸਤਾਵ ਪੇਸ਼ ਕਰਨ ਵਾਲਿਆਂ ਨੂੰ ਅਜਿਹੇ ਸਪੱਸ਼ਟ ਉਪਾਵਾਂ ਦਾ ਪ੍ਰਬੰਧ ਕਰਨਾ ਚਾਹੀਦਾ ਸੀ, ਜਿਸ ਦੀ ਮਦਦ ਨਾਲ ਰਾਜ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਕਰ ਸਕੇ। ਇਸ ਪਿਛੋਕੜ ਵਿਚ ਮੈਂ ਸੋਚ ਰਿਹਾ ਸੀ ਕਿ ਦੇਸ਼ ਵਿਚ ਆਰਥਿਕ ਅਤੇ ਸਮਾਜਿਕ ਨਿਆਂ ਦੀ ਵਿਵਸਥਾ ਨੂੰ ਲਾਗੂ ਕਰਨ ਲਈ ਪ੍ਰਸਤਾਵ ਵਿਚ ਖੇਤੀਬਾੜੀ ਅਤੇ ਉਦਯੋਗਾਂ ਦੇ ਰਾਸ਼ਟਰੀਕਰਨ

"ਇਕੁਐਲਿਟੀ ਐਂਡ ਜਸਟਿਸ"
"Equality and Justice" ਸਵਤੰਤਰਤਾ, ਸਮਾਨਤਾ, ਭਾਈਚਾਰਾ Rs- 100/month

ਦੀ ਵਿਵਸਥਾ ਹੋਣੀ ਜ਼ਰੂਰੀ ਹੈ। ਸਮਾਜਵਾਦੀ ਅਰਥਵਿਵਸਥਾ ਤੋਂ ਬਿਨਾਂ, ਮੈਨੂੰ ਸਮਝ ਨਹੀਂ ਆਉਂਦੀ ਕਿ ਭਵਿੱਖ ਵਿੱਚ ਕੋਈ ਵੀ ਸਰਕਾਰ ਦੇਸ਼ ਵਿੱਚ ਸਮਾਜਿਕ, ਆਰਥਿਕ ਅਤੇ ਰਾਜਨੀਤਿਕ ਨਿਆਂ ਕਿਵੇਂ ਕਰ ਸਕੇਗੀ। ਇਸੇ ਲਈ ਇਨ੍ਹਾਂ ਗੱਲਾਂ ਦਾ ਸਪਸ਼ਟ ਜ਼ਿਕਰ ਨਾ ਕੀਤੇ ਜਾਣ ਉੱਤੇ ਮੇਰਾ ਸਪਸ਼ਟ ਵਿਰੋਧ ਨਾਂ ਹੋਣ ਦੇ ਬਾਵਜੂਦ ਵੀ ਮੈਨੂੰ ਇਹ ਪ੍ਰਸਤਾਵ ਥੋੜ੍ਹਾ ਨਿਰਾਸ਼ਾਜਨਕ ਲੱਗਿਆ। ਇਸ ਪ੍ਰਸਤਾਵ ਬਾਰੇ ਆਪਣੀ ਰਾਏ ਅਤੇ ਜਾਣਕਾਰੀ ਪੇਸ਼ ਕਰਨ ਤੋਂ ਬਾਅਦ, ਮੈਂ ਇਹ ਸਵਾਲ ਇੱਥੇ ਛੱਡ ਰਿਹਾ ਹਾਂ।

ਮੈਂ ਹੁਣ ਪ੍ਰਸਤਾਵ ਦੇ ਪਹਿਲੇ ਭਾਗ ਵੱਲ ਮੁੜਦਾ ਹਾਂ। ਇਹ ਪਹਿਲੇ ਚਾਰ ਪੈਰਿਆਂ ਨੂੰ ਕਵਰ ਕਰਦਾ ਹੈ। ਇਸ ਮੀਟਿੰਗ ਵਿੱਚ ਹੁਣ ਤੱਕ ਕੀ ਚਰਚਾ ਹੋਈ ਹੈ ਉਸ ਦੇ ਆਧਾਰ 'ਤੇ ਮੈਂ ਕਹਿ ਸਕਦਾ ਹਾਂ ਕਿ ਇਹ ਹਿੱਸਾ ਵਿਵਾਦਪੂਰਨ ਹੈ। ਮਤੇ ਵਿੱਚ ਵਰਤਿਆ ਗਿਆ 'ਗਣਤੰਤਰ' ਸ਼ਬਦ ਵਿਵਾਦ ਦਾ ਕੇਂਦਰ ਬਣਿਆ ਜਾਪਦਾ ਹੈ। ਵਿਵਾਦ ਚੌਥੇ ਪੈਰੇ ਦੇ ਇਸ ਹਿੱਸੇ ਦੇ ਦੁਆਲੇ ਕੇਂਦਰਿਤ ਹੈ, 'ਸਰਵਵਿਆਪਕਤਾ ਲੋਕਾਂ ਵਿੱਚੋਂ ਪੈਦਾ ਹੁੰਦੀ ਹੈ'। ਮੁਸਲਿਮ ਲੀਗ ਦੀ ਗੈਰ-ਮੌਜੂਦਗੀ ਵਿੱਚ ਕੱਲ੍ਹ ਮੇਰੇ ਦੋਸਤ ਡਾ. ਜੈਕਰ ਦੁਆਰਾ ਪੇਸ਼ ਕੀਤੇ ਗਏ ਇਸ ਮਤੇ ਨੂੰ ਸਦਨ ਵਿੱਚ ਵਿਚਾਰਨਾ ਠੀਕ ਨਹੀਂ ਹੋਵੇਗਾ। - ਇਸ ਮੁੱਦੇ 'ਤੇ ਇਹ ਵਿਵਾਦ ਖੜ੍ਹਾ ਹੋ ਗਿਆ। ਜਨਾਬ, ਇਸ ਮਹਾਨ ਦੇਸ਼ ਦੇ ਸਮਾਜਿਕ, ਰਾਜਨੀਤਿਕ ਅਤੇ ਆਰਥਿਕ ਭਵਿੱਖ ਦੇ ਢਾਂਚੇ ਅਤੇ ਉੱਜਵਲ ਭਵਿੱਖ ਬਾਰੇ ਮੇਰੇ ਮਨ ਵਿੱਚ ਇੱਕ ਵੀ ਸੰਦੇਹ ਨਹੀਂ ਹੈ। ਮੈਨੂੰ ਅਹਿਸਾਸ ਹੈ ਕਿ ਅੱਜ ਅਸੀਂ ਸਿਆਸੀ, ਸਮਾਜਿਕ ਅਤੇ ਆਰਥਿਕ ਤੌਰ 'ਤੇ ਵੰਡੇ ਹੋਏ ਹਾਂ। ਅਸੀਂ ਇਕ ਦੂਜੇ ਦੇ ਵਿਰੁੱਧ ਲੜ ਰਹੇ ਛਾਉਣੀਆਂ ਦਾ ਇੱਕ ਸਮੂਹ ਹਾਂ, ਅਸਲ ਵਿੱਚ ਮੈਂ ਇਹ ਵੀ ਮੰਨਦਾ ਹਾਂ ਕਿ ਮੈਂ ਇੱਕ ਅਜਿਹੀ ਛਾਉਣੀ ਦਾ ਆਗੂ ਹਾਂ। ਜਨਾਬ, ਇਹ ਸਭ ਸੱਚ ਹੋ ਸਕਦਾ ਹੈ, ਪਰ ਮੈਨੂੰ ਯਕੀਨ ਹੈ ਕਿ ਜੇਕਰ ਸਮਾਂ ਅਤੇ ਹਾਲਾਤ ਸਹੀ ਹੋਣ ਤਾਂ ਕੋਈ ਵੀ ਤਾਕਤ ਇਸ ਦੇਸ਼ ਨੂੰ ਇਕਜੁੱਟ ਹੋਣ ਤੋਂ ਨਹੀਂ ਰੋਕ ਸਕਦੀ। (ਤਾੜੀਆਂ ਦੀ ਗੜਗੜਾਹਟ) ਵੱਖ-ਵੱਖ ਜਾਤਾਂ ਅਤੇ ਸੰਪਰਦਾਵਾਂ ਹੋਣ ਦੇ ਬਾਵਜੂਦ, ਸਾਨੂੰ ਇੱਕ ਹੋਣ ਤੋਂ ਕੋਈ ਨਹੀਂ ਰੋਕ ਸਕਦਾ। ਇਸ ਬਾਰੇ ਮੇਰੇ ਮਨ ਵਿੱਚ ਕੋਈ ਸ਼ੱਕ ਨਹੀਂ ਹੈ। (ਚੀਅਰਜ਼) ਭਾਵੇਂ ਅੱਜ ਮੁਸਲਿਮ ਲੀਗ ਭਾਰਤ ਨੂੰ ਦੋ ਟੁਕੜੇ ਕਰਨ ਦੀ ਕੋਸ਼ਿਸ਼ ਕਰ ਰਹੀ ਹੈ, ਪਰ ਉਨ੍ਹਾਂ ਲਈ ਵੀ ਇੱਕ ਸੰਯੁਕਤ ਭਾਰਤ ਹੀ ਸਹੀ ਹੋਵੇਗਾ। ਮੈਂ ਯਕੀਨ ਨਾਲ ਕਹਿ ਸਕਦਾ ਹਾਂ ਕਿ ਜੇਕਰ ਉਹ ਚਾਹੁਣ ਤਾਂ ਮੁਸਲਮਾਨ ਆਪਣੇ ਲਈ ਸੋਚਣਾ ਸ਼ੁਰੂ ਕਰ ਦੇਣਗੇ। (ਖੁਸ਼ੀ ਦੀਆਂ ਆਵਾਜ਼ਾਂ ਅਤੇ ਗਰਜਦੀ ਤਾੜੀਆਂ)

**ਬਾਕੀ ਦਾ ਭਾਗ ਕੱਲ੍ਹ**

# ਮੋਗਾ ਦੇ ਸਰਕਾਰੀ ਹਸਪਤਾਲ ਦੇ ਸਟਾਕਰੂਮ 'ਚੋਂ 7 ਲੱਖ ਰੁਪਏ ਦੀ ਦਵਾਈ ਬੁਪਰੇਨੋਰਫਿਨ ਦਵਾਈ ਹੋਈ ਚੋਰੀ

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਅਕਤੂਬਰ
INTERNATIONAL PAPER, 94636 01616
hardipchumber57@gmail.com

ਮੋਗਾ: ਬੀਤੀ ਰਾਤ ਅਣਪਛਾਤੇ ਚੋਰਾਂ ਨੇ ਮੋਗਾ ਦੇ ਸਿਵਲ ਹਸਪਤਾਲ ਦੇ ਡਰੱਗ ਸਟੋਰ ਤੋਂ ਕੈਬਿਨੇਟ ਦਾ ਤਾਲਾ ਤੋੜ ਕੇ ਲੱਖਾਂ ਰੁਪਏ ਦੀਆਂ ਬੁਪ੍ਰੇਨੋਰਫਾਈਨ ਗੋਲੀਆਂ ਚੋਰੀ ਕਰ ਲਈਆਂ। ਸਿਵਲ ਹਸਪਤਾਲ ਤੋਂ ਪ੍ਰਾਪਤ ਜਾਣਕਾਰੀ ਅਨੁਸਾਰ, ਹਸਪਤਾਲ ਦੇ ਅਹਾਤੇ ਵਿੱਚ ਸਥਿਤ ਡਰੱਗ ਸਟੋਰ, ਜ਼ਿਲ੍ਹੇ ਭਰ ਦੇ ਸਿਹਤ ਕੇਂਦਰਾਂ ਨੂੰ ਸਪਲਾਈ ਕੀਤੀਆਂ ਜਾਣ ਵਾਲੀਆਂ ਦਵਾਈਆਂ ਸਟੋਰ ਕਰਦਾ ਹੈ। ਨਸ਼ਾ ਛੱਡਣ ਵਾਲੀਆਂ ਦਵਾਈਆਂ ਵੀ ਉੱਥੇ ਸਪਲਾਈ ਕੀਤੀਆਂ ਜਾਂਦੀਆਂ ਹਨ। ਬੀਤੀ ਰਾਤ, ਅਣਪਛਾਤੇ ਚੋਰਾਂ ਨੇ ਸਟੋਰ ਦੀ ਖਿੜਕੀ ਤੋੜ ਕੇ ਕੈਬਿਨੇਟ ਦਾ ਕੁੰਡੀ ਅਤੇ ਤਾਲਾ ਤੋੜਿਆ ਅਤੇ 11,000 ਬੁਪ੍ਰੇਨੋਰਫਾਈਨ ਗੋਲੀਆਂ ਚੋਰੀ ਕਰ ਲਈਆਂ। ਚੋਰੀ ਦਾ ਪਤਾ ਲੱਗਣ 'ਤੇ ਹਸਪਤਾਲ ਪ੍ਰਸ਼ਾਸਨ ਘਬਰਾ ਗਿਆ। ਦਵਾਈਆਂ ਦੀ ਜਲਦੀ ਗਿਣਤੀ ਕਰਨ ਤੋਂ ਬਾਅਦ, ਮਾਮਲੇ ਦੀ ਸੂਚਨਾ ਸਿਟੀ ਸਾਊਥ ਪੁਲਿਸ ਸਟੇਸ਼ਨ ਨੂੰ ਦਿੱਤੀ ਗਈ। ਦੱਸਿਆ ਜਾ ਰਿਹਾ ਹੈ ਕਿ ਡਰੱਗ ਸਟੋਰ ਅਸਲ ਵਿੱਚ ਮੁਰਦਾਘਰ ਦੇ ਨੇੜੇ ਸਥਿਤ ਸੀ। ਹਾਲਾਂਕਿ, ਮੀਂਹ ਕਾਰਨ ਪਾਣੀ ਲੀਕ ਹੋਣ ਕਾਰਨ, ਇਸਨੂੰ ਨਰਸਿੰਗ ਸਕੂਲ ਦੇ ਅੰਦਰ ਇੱਕ ਇਮਾਰਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ।

ਜ਼ਿਕਰਯੋਗ ਹੈ ਕਿ ਉੱਥੇ ਸਟੋਰ ਕੀਤੀਆਂ ਦਵਾਈਆਂ ਲਈ ਕੋਈ ਢੁਕਵੇਂ ਸੁਰੱਖਿਆ ਉਪਾਅ ਨਹੀਂ ਹਨ, ਅਤੇ ਕੋਈ ਸੀਸੀਟੀਵੀ ਕੈਮਰੇ ਨਹੀਂ ਲਗਾਏ ਗਏ ਹਨ। ਸੀਨੀਅਰ ਮੈਡੀਕਲ ਅਫਸਰ ਡਾ. ਹਰਿੰਦਰ ਸਿੰਘ ਸੂਦ ਨੇ ਕਿਹਾ ਕਿ ਉਕਤ ਮਾਮਲਾ ਉਨ੍ਹਾਂ ਦੇ ਧਿਆਨ ਵਿੱਚ ਹੈ ਅਤੇ ਲਿਖਤੀ ਜਾਣਕਾਰੀ ਸਿਟੀ ਸਾਊਥ ਪੁਲਿਸ ਸਟੇਸ਼ਨ ਨੂੰ ਦੇ ਦਿੱਤੀ ਗਈ ਹੈ।

# ਧੂਰੀ ਦੀ ਜਨਤਕ ਲਾਇਬ੍ਰੇਰੀ ਨਾਲ ਹਲਕੇ 'ਚ ਲਾਇਬ੍ਰੇਰੀ ਸਭਿਆਚਾਰ ਮੁੜ ਸੁਰਜੀਤ ਹੋਇਆ

## ਜਨਤਕ ਲਾਇਬ੍ਰੇਰੀ ਦੇ ਖੁੱਲ੍ਹਣ ਦਾ ਸਮਾਂ 8 ਘੰਟੇ ਤੋਂ ਵਧਾ ਕੇ 12 ਘੰਟੇ ਕੀਤਾ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਅਕਤੂਬਰ INTERNATIONAL PAPER, 9463601616 hardipchumber57@gmail.com



ਧੂਰੀ,22 ਅਕਤੂਬਰ (ਜਗਸੀਰ ਸਿੰਘ) - ਪੰਜਾਬ ਦੇ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਨੌਜਵਾਨਾਂ ਨੂੰ ਪੜ੍ਹਨ ਲਈ ਮਾਹੌਲ ਪ੍ਰਦਾਨ ਕਰਨ ਦੇ ਮਕਸਦ ਨਾਲ ਮਿਸ਼ਨ ਗਿਆਨ ਤਹਿਤ ਸੂਬੇ ਭਰ ਵਿੱਚ ਲਾਇਬ੍ਰੇਰੀਆਂ ਬਣਾਈਆਂ ਜਾ ਰਹੀਆਂ ਹਨ। ਇਸੇ ਲੜੀ ਤਹਿਤ ਧੂਰੀ ਵਿਖੇ ਜੁਲਾਈ ਮਹੀਨੇ ਵਿੱਚ ਸ਼ਹਿਰ ਵਾਸੀਆਂ ਨੂੰ ਮੁੱਖ ਮੰਤਰੀ ਵੱਲੋਂ ਸਮਰਪਿਤ ਕੀਤੀ ਗਈ ਜਨਤਕ ਲਾਇਬ੍ਰੇਰੀ ਦਾ ਹੁਣ ਰੋਜ਼ਾਨਾ ਵੱਡੀ ਗਿਣਤੀ ਵਿਦਿਆਰਥੀ ਲਾਭ ਉਠਾ ਰਹੇ ਹਨ। ਕਰੀਬ 1.59 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਸ ਜਨਤਕ ਲਾਇਬ੍ਰੇਰੀ ਦੀਆਂ ਦੋਵੇਂ ਮੰਜ਼ਿਲਾਂ ਵਿੱਚ ਵਿਦਿਆਰਥੀਆਂ ਦੇ ਬੈਠ ਕੇ ਪੜ੍ਹਨ ਦੀ ਸਹੂਲਤ ਹੋਣ ਸਦਕਾ ਰੋਜ਼ਾਨਾ ਵੱਡੀ ਗਿਣਤੀ ਵਿਦਿਆਰਥੀ ਇੱਥੇ ਪੜ੍ਹਨ ਆ ਰਹੇ ਹਨ। ਵਾਈ-ਫਾਈ, ਸੂਰਜੀ ਊਰਜਾ, ਡਿਜੀਟਲ ਐਨਾਲਾਗ ਅਤੇ ਹੋਰ ਉੱਚ ਪੱਧਰੀ ਸਹੂਲਤਾਂ ਨਾਲ ਲੈਸ ਇਸ ਜਨਤਕ ਲਾਇਬ੍ਰੇਰੀ ਨੇ ਵਿਦਿਆਰਥੀਆਂ ਨੂੰ ਆਪਣੀ ਅਕਾਦਮਿਕ ਪੜ੍ਹਾਈ ਦੇ ਨਾਲ ਨਾਲ ਮੁਕਾਬਲੇ ਦੀਆਂ ਪ੍ਰੀਖਿਆਵਾਂ ਦੀ ਤਿਆਰੀ ਲਈ ਵੀ ਸਾਜ਼ਗਾਰ ਮਾਹੌਲ ਪ੍ਰਦਾਨ ਕੀਤਾ ਹੈ। ਲਾਇਬ੍ਰੇਰੀ ਵਿੱਚ ਪੜ੍ਹਨ ਆਏ ਅਭਿਸ਼ੇਕ ਯਾਦਵ ਨੇ ਦੱਸਿਆ ਕਿ ਉਹ ਸੀ.ਏ ਦੀ ਪੜ੍ਹਾਈ ਕਰ ਰਿਹਾ ਹੈ ਤੇ ਰੋਜ਼ਾਨਾ ਧੂਰੀ ਦੀ ਜਨਤਕ ਲਾਇਬ੍ਰੇਰੀ ਵਿੱਚ ਪੜ੍ਹਨ ਆ ਰਿਹਾ ਹੈ। ਉਸ ਨੇ ਦੱਸਿਆ ਕਿ ਘਰ ਬੈਠੇ ਕੇ ਪੜ੍ਹਨ ਸਮੇਂ ਉਹ ਇਕਾਗਰਤਾ ਨਹੀਂ ਬਣ ਪਾਉਂਦੀ ਜੋ ਲਾਇਬ੍ਰੇਰੀ ਵਿੱਚ ਪੜ੍ਹਨ ਸਮੇਂ ਬਣਦੀ ਹੈ ਤੇ ਇੱਥੇ ਬੈਠਕੇ ਪੜ੍ਹਨ ਨਾਲ ਸਿਲੇਬਸ ਵੀ ਸਮੇਂ ਸਿਰ ਪੂਰਾ ਹੋ ਰਿਹਾ ਹੈ ਤੇ ਆਤਮ ਵਿਸ਼ਵਾਸ ਵੀ ਵਧਿਆ ਹੈ ਜੋ ਇਸ ਲਾਇਬ੍ਰੇਰੀ ਵਿੱਚ ਪੜ੍ਹਨ ਕਰਕੇ ਹੀ ਸੰਭਵ ਹੋ ਸਕਿਆਂ ਹੈ। ਸਰਕਾਰੀ ਨੌਕਰੀ ਲਈ ਮੁਕਾਬਲੇ ਦੀ ਪ੍ਰੀਖਿਆ ਦੀ ਤਿਆਰੀ ਕਰ ਰਹੇ ਜਸਵਿੰਦਰ ਸਿੰਘ ਨੇ ਦੱਸਿਆ ਕਿ ਪਹਿਲਾਂ ਪੜ੍ਹਨ ਲਈ 20 ਕਿਲੋਮੀਟਰ ਦੂਰ ਖਰਚਾ ਕਰਕੇ ਮਲੇਰਕੋਟਲਾ ਲਾਇਬ੍ਰੇਰੀ ਜਾਣਾ ਪੈਂਦਾ ਸੀ, ਪਰ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੇ ਸੁਹਿਰਦ ਯਤਨਾਂ ਸਦਕਾ ਧੂਰੀ ਵਿਖੇ ਇਹ ਜਨਤਕ ਲਾਇਬ੍ਰੇਰੀ ਬਣੀ ਹੈ, ਇਸ ਦਾ ਸਾਨੂੰ ਬਹੁਤ ਲਾਭ ਹੋ ਰਿਹਾ ਹੈ ਤੇ ਇਹ ਲਾਇਬ੍ਰੇਰੀ 12 ਘੰਟੇ ਖੁੱਲ੍ਹੀ ਰਹਿੰਦੀ ਹੈ। ਵਿਦਿਆਰਥੀ ਦੀਪਕ ਸਿੰਘ ਨੇ ਦੱਸਿਆ ਕਿ ਧੂਰੀ ਵਿਖੇ ਲਾਇਬ੍ਰੇਰੀ ਖੁੱਲ੍ਹਣ ਨਾਲ ਇਲਾਕੇ ਨੂੰ ਵੱਡਾ ਲਾਭ ਹੋਇਆ ਹੈ। ਉਨ੍ਹਾਂ ਕਿਹਾ ਕਿ ਇੱਥੇ ਵਿਦਿਆਰਥੀ ਇਕ ਦੂਸਰੇ ਦੀ ਪੜ੍ਹਾਈ ਵਿੱਚ ਸਹਾਇਤਾ ਵੀ ਕਰਦੇ ਹਨ, ਜਿਸ ਨਾਲ ਵਿਦਿਆਰਥੀਆਂ ਦੇ ਸਵਾਲਾਂ ਦੇ ਸ਼ੰਕੇ ਇਕ ਦੂਸਰੇ ਨਾਲ ਰਾਏ ਕਰਕੇ ਹੱਲ ਹੋ ਜਾਂਦੇ ਹਨ। ਜਨਤਕ ਲਾਇਬ੍ਰੇਰੀ ਧੂਰੀ ਵਿਖੇ ਪੜ੍ਹ ਰਹੇ ਵਿਦਿਆਰਥੀਆਂ ਨੇ ਦੱਸਿਆ ਕਿ ਪਹਿਲਾਂ ਇਸ ਲਾਇਬ੍ਰੇਰੀ ਦੇ ਖੁੱਲ੍ਹਣ ਦਾ ਸਮਾਂ ਸਵੇਰੇ 9 ਵਜੇ ਤੋਂ ਸ਼ਾਮ 5 ਵਜੇ ਸੀ, ਪਰ ਵਿਦਿਆਰਥੀਆਂ ਵੱਲੋਂ ਇਸ ਦਾ ਸਮਾਂ ਵਧਾਉਣ ਦੀ ਬੇਨਤੀ ਕੀਤੀ ਗਈ, ਜਿਸ ਨੂੰ ਪੰਜਾਬ ਸਰਕਾਰ ਨੇ ਤੁਰੰਤ ਸਵੀਕਾਰਦਿਆਂ ਹੁਣ ਇਸ ਲਾਇਬ੍ਰੇਰੀ ਦਾ ਸਮਾਂ ਸਵੇਰੇ 8 ਵਜੇ ਤੋਂ ਰਾਤ 8 ਵਜੇ ਤੱਕ ਦਾ ਕਰ ਦਿੱਤਾ ਹੈ। ਉਨ੍ਹਾਂ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਵੱਲੋਂ ਧੂਰੀ ਸ਼ਹਿਰ ਨੂੰ ਜਨਤਕ ਲਾਇਬ੍ਰੇਰੀ ਦੀ ਦਿੱਤੀ ਸੌਗਾਤ ਨੂੰ ਇਸ ਖੇਤਰ ਲਈ ਸਭ ਤੋਂ ਵੱਡਾ ਤੋਹਫ਼ਾ ਦੱਸਦਿਆਂ ਕਿਹਾ ਕਿ ਇੱਥੋਂ ਤਿਆਰੀ ਕਰਕੇ ਆਉਣ ਵਾਲੇ ਸਮੇਂ ਵਿੱਚ ਧੂਰੀ ਦੇ ਬੱਚੇ ਵੱਡੇ ਅਹੁਦਿਆਂ 'ਤੇ ਬਿਰਾਜਮਾਨ ਹੋਣਗੇ।

# ਜ਼ਿਲ੍ਹਾ ਨਸ਼ਾ ਮੁਕਤੀ ਪੁਨਰਵਾਸ ਕੇਂਦਰ ਵਿਖੇ ਮਨਾਇਆ 'ਜ਼ਸ਼ਨ-ਏ-ਦੀਵਾਲੀ'



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਜ਼ਿਲ੍ਹਾ ਨਸ਼ਾ ਮੁਕਤੀ ਪੁਨਰਵਾਸ ਕੇਂਦਰ ਹੁਸ਼ਿਆਰਪੁਰ ਵਿਖੇ ਉਤਸ਼ਾਹ ਅਤੇ ਜੋਸ਼ ਨਾਲ 'ਜ਼ਸ਼ਨ-ਏ-ਦੀਵਾਲੀ' ਮਨਾਇਆ ਗਿਆ। ਇਸ ਮੌਕੇ ਡਿਪਟੀ ਕਮਿਸ਼ਨਰ-ਕਮ-ਚੇਅਰਪਰਸਨ ਜ਼ਿਲ੍ਹਾ ਨਸ਼ਾ ਮੁਕਤੀ ਪੁਨਰਵਾਸ ਸੋਸਾਇਟੀ ਹੁਸ਼ਿਆਰਪੁਰ ਆਸ਼ਿਕਾ ਜੈਨ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਪ੍ਰੋਗਰਾਮ ਵਿਚ ਵਿਸ਼ੇਸ਼ ਮਹਿਮਾਨ ਦੇ ਰੂਪ ਵਿਚ ਸਿਵਲ ਸਰਜਨ ਡਾ. ਬਲਬੀਰ ਕੁਮਾਰ ਅਤੇ ਡਿਪਟੀ ਮੈਡੀਕਲ ਕਮਿਸ਼ਨਰ-ਕਮ-ਮੈਂਬਰ ਸਕੱਤਰ ਡਾ. ਸਵਾਤੀ ਸ਼ੀਮਾਰ ਵੀ ਮੌਜੂਦ ਰਹੇ। ਇਹ ਪ੍ਰੋਗਰਾਮ ਡਾ. ਮਹਿਮਾ ਮਿਨਹਾਸ (ਮੈਡੀਕਲ ਅਫ਼ਸਰ ਇੰਚਾਰਜ, ਡੀ.ਪੀ. ਆਰ.ਸੀ) ਅਤੇ ਉਨ੍ਹਾਂ ਦੀ ਟੀਮ ਦੀ ਦੇਖ-ਰੇਖ ਹੇਠ ਯੋਜਨਾਬੱਧ ਢੰਗ ਨਾਲ ਆਯੋਜਿਤ ਕੀਤਾ ਗਿਆ। ਇਸ ਦੌਰਾਨ ਰੋਟਰੀ ਕਲੱਬ ਦੇ ਪ੍ਰਧਾਨ ਪ੍ਰਿੰਸੀਪਲ ਟਿਮਾਟਿਨੀ ਆਹਲੂਵਾਲੀਆ ਅਤੇ ਉਨ੍ਹਾਂ ਦੀ ਟੀਮ ਨੇ ਮਰੀਜ਼ਾਂ ਨੂੰ ਰਿਫਰੈਸ਼ਮੈਂਟ ਵੰਡੀ। ਪ੍ਰੋਗਰਾਮ ਵਿਚ ਮਰੀਜ਼ਾਂ ਲਈ ਰੰਗੋਲੀ, ਸਪੈਸ਼ਲ ਟਾਸਕ, ਰੱਸਾਕਸ਼ੀ, ਸਪੂਨ-ਲੇਮਨ, ਮਿਊਜ਼ੀਕਲ ਚੇਅਰ, ਸੋਲੋ ਡਾਂਸ ਅਤੇ ਭੰਗੜਾ ਵਰਗੀਆਂ ਰੰਗਾਰੰਗ ਪ੍ਰਤੀਯੋਗਤਾਵਾਂ ਕਰਵਾਈਆਂ ਗਈਆਂ। ਕੇਂਦਰ ਵਿਚ ਦੀਵੇ ਅਤੇ ਰੰਗੋਲੀ ਨਾਲ ਮਨਮੋਹਕ ਸਜਾਵਟ ਕੀਤੀ ਗਈ। ਜੇਤੂਆਂ ਨੂੰ ਮੈਡਲ ਅਤੇ ਪ੍ਰੋਗਰਾਮ ਵਿਚ ਹਿੱਸਾ ਵਾਲਿਆਂ ਨੂੰ ਉਤਸ਼ਾਹ ਵਜੋਂ ਤੋਹਫ਼ੇ ਦਿੱਤੇ ਗਏ। ਇਸ ਮੌਕੇ ਡਿਪਟੀ ਕਮਿਸ਼ਨਰ ਨੇ ਕੇਂਦਰ ਦੇ ਸਫ਼ਲ ਸੰਚਾਲਨ 'ਤੇ ਪ੍ਰਸੰਨਤਾ ਪ੍ਰਗਟ ਕਰਦੇ ਹੋਏ ਕਿਹਾ ਕਿ ਨਸ਼ਾ ਮੁਕਤੀ ਕੇਂਦਰ ਸਮਾਜ ਦੇ ਪੁਨਰ-ਨਿਰਮਾਣ ਵਿਚ ਅਹਿਮ ਯੋਗਦਾਨ ਨਿਭਾਅ ਰਿਹਾ ਹੈ। ਉਨ੍ਹਾਂ ਨੇ ਮਰੀਜ਼ਾਂ ਨੂੰ ਕਿਹਾ ਕਿ ਜੀਵਨ ਅਨਮੋਲ ਹੈ, ਇਸ ਨੂੰ ਨਸ਼ੇ ਨਾਲ ਨਹੀਂ, ਚੰਗੇ ਰਾਹ ਨਾਲ ਉਜਾਲਾ ਦਿੱਤਾ ਜਾਵੇ। ਉਨ੍ਹਾਂ ਕਿਹਾ ਕਿ ਸਾਰੇ ਦੀਵਾਲੀ ਦੀ ਤਰ੍ਹਾਂ ਆਪਣੀ ਜ਼ਿੰਦਗੀ ਵਿਚ ਵੀ ਨਵੀਂ ਰੋਸ਼ਨੀ ਭਰਨ। ਉਨ੍ਹਾਂ ਕੇਂਦਰ ਦੇ 10 ਸਾਲ ਪੂਰੇ ਹੋਣ 'ਤੇ ਟੀਮ ਨੂੰ 'ਅਵਾਰਡ ਆਫ਼ ਐਪਰੀਸਿਏਸ਼ਨ' ਦੇ ਕੇ ਸਨਮਾਨਿਤ ਕੀਤਾ ਅਤੇ ਕਿਹਾ ਕਿ ਇਹ ਸੰਸਥਾ ਰਾਜ ਵਿਚ ਸ਼ਾਨਦਾਰ ਸੇਵਾਵਾਂ ਪ੍ਰਦਾਨ ਕਰ ਰਹੀ ਹੈ।

# ਤੰਬਾਕੂ ਦੇ ਮਾੜੇ ਪ੍ਰਭਾਵਾਂ ਸਬੰਧੀ ਸਿਹਤ ਵਿਭਾਗ ਵਲੋਂ ਜਾਗਰੂਕਤਾ ਮੁਹਿੰਮ, ਨੌਜਵਾਨਾਂ ਨੂੰ ਤੰਬਾਕੂ ਤੋਂ ਦੂਰ ਰਹਿਣ ਲਈ ਕੀਤਾ ਪ੍ਰੇਰਿਤ

“ਇਕੁਐਲਿਟੀ ਐਂਡ ਜਸਟਿਸ” ਪਟਿਆਲਾ 22 ਅਕਤੂਬਰ INTERNATIONAL PAPER, 9463601616 hardipchumber57@gmail.com



ਹੁਸ਼ਿਆਰਪੁਰ (ਸਤਨਾਮ ਸਿੰਘ ਸਹੁੰਗੜਾ) ਤੰਬਾਕੂ ਵਿਰੋਧੀ ਵਿਸ਼ੇਸ਼ ਮੁਹਿੰਮ ਤਹਿਤ ਨੌਜਵਾਨਾਂ ਵਿੱਚ ਤੰਬਾਕੂ ਦੇ ਹਾਨੀਕਾਰਕ ਪ੍ਰਭਾਵਾਂ ਬਾਰੇ ਜਾਗਰੂਕਤਾ ਫੈਲਾਉਣ ਅਤੇ ਉਨ੍ਹਾਂ ਨੂੰ ਤੰਬਾਕੂ ਸੇਵਨ ਤੋਂ ਦੂਰ ਰਹਿਣ ਲਈ ਪ੍ਰੇਰਿਤ ਕਰਨ ਦੇ ਮੰਤਵ ਨਾਲ ਸਿਵਲ ਸਰਜਨ ਡਾ. ਬਲਬੀਰ ਕੁਮਾਰ ਦੇ ਦਿਸ਼ਾ-ਨਿਰਦੇਸ਼ਾਂ ਹੇਠ ਸਿਹਤ ਵਿਭਾਗ ਵਲੋਂ ਵਿਸਤ੍ਰਿਤ ਜਾਗਰੂਕਤਾ ਗਤੀਵਿਧੀਆਂ ਆਯੋਜਿਤ ਕੀਤੀਆਂ ਗਈਆਂ। ਇਹ ਮੁਹਿੰਮ ਡਾ. ਜਗਦੀਪ ਸਿੰਘ ਜ਼ਿਲਾ ਐਪੀਡਮੀਓਲੋਜਿਸਟ ਅਤੇ ਡਾ. ਸਲੇਸ਼ ਕੁਮਾਰ ਜ਼ਿਲਾ ਐਪੀਡਮੀਓਲੋਜਿਸਟ (ਆਈਡੀਐਸਪੀ) ਦੀ ਅਗਵਾਈ ਹੇਠ ਚਲਾਈ ਗਈ। ਟੀਮ ਵਿੱਚ ਹੈਲਥ ਇੰਸਪੈਕਟਰ ਵਿਸ਼ਾਲ ਪੁਰੀ, ਹੈਲਥ ਇੰਸਪੈਕਟਰ ਸੰਜੀਵ ਠਾਕੁਰ, ਹੈਲਥ ਵਰਕਰ ਸੁਰਿੰਦਰ ਕਲਸੀ ਅਤੇ ਨਰੇਸ਼ ਕੁਮਾਰ ਸ਼ਾਮਲ ਸਨ। ਟੀਮ ਵਲੋਂ ਸ਼ਹਿਰ ਦੇ ਵੱਖ-ਵੱਖ ਜਨਤਕ ਸਥਾਨਾਂ — ਜਿਵੇਂ ਕਿ ਬੱਸ ਸਟੈਂਡ, ਮੁੱਖ ਬਾਜ਼ਾਰਾਂ ਅਤੇ ਦੁਕਾਨਾਂ ਦਾ ਦੌਰਾ ਕਰਕੇ ਲੋਕਾਂ ਨੂੰ ਸਿਗਰੇਟ ਅਤੇ ਹੋਰ ਤੰਬਾਕੂ ਉਤਪਾਦ ਐਕਟ-2003 (COTPA) ਸਬੰਧੀ ਜਾਗਰੂਕ ਕੀਤਾ ਗਿਆ। ਇਸ ਦੌਰਾਨ ਤੰਬਾਕੂਨੋਸ਼ੀ ਦੇ ਖ਼ਿਲਾਫ਼ ਪੋਸਟਰ ਲਗਾਏ ਗਏ ਅਤੇ ਲੋਕਾਂ ਨੂੰ ਤੰਬਾਕੂ ਦੇ ਮਾੜੇ ਪ੍ਰਭਾਵਾਂ ਬਾਰੇ ਜਾਣਕਾਰੀ ਦਿੱਤੀ ਗਈ। ਟੀਮ ਵਲੋਂ ਤੰਬਾਕੂਨੋਸ਼ੀ ਦੇ ਸਿਹਤ ਤੇ ਵਾਤਾਵਰਣ ਉੱਤੇ ਹੋਣ ਵਾਲੇ ਨੁਕਸਾਨ ਬਾਰੇ ਵਿਸਥਾਰ ਨਾਲ ਜਾਣਕਾਰੀ ਦਿੰਦਿਆਂ ਲੋਕਾਂ ਨੂੰ ਤੰਬਾਕੂ ਉਤਪਾਦਾਂ ਤੋਂ ਦੂਰ ਰਹਿਣ ਲਈ ਪ੍ਰੇਰਿਤ ਕੀਤਾ ਗਿਆ। ਦੁਕਾਨਦਾਰਾਂ ਨੂੰ 'ਤੰਬਾਕੂਨੋਸ਼ੀ ਰਹਿਤ ਖੇਤਰ' ਦੇ ਬੋਰਡ ਲਗਾਉਣ ਦੀ ਅਪੀਲ ਕੀਤੀ ਗਈ ਅਤੇ ਉਨ੍ਹਾਂ ਨੂੰ ਖੁਸ਼ਬੂਦਾਰ ਤੰਬਾਕੂ ਉਤਪਾਦਾਂ, ਹੁੱਕਾ ਅਤੇ ਈ-ਸਿਗਰਟ ਦੀ ਵਿਕਰੀ ਨਾ ਕਰਨ ਬਾਰੇ ਚੇਤਾਵਨੀ ਦਿੱਤੀ ਗਈ। ਸਿਹਤ ਟੀਮ ਨੇ ਦੱਸਿਆ ਕਿ ਕੋਟਪਾ ਐਕਟ ਦੀ ਧਾਰਾ 4 ਅਨੁਸਾਰ ਕਿਸੇ ਵੀ ਜਨਤਕ ਸਥਾਨ 'ਤੇ ਸਿਗਰੇਟ, ਬੀੜੀ ਜਾਂ ਕਿਸੇ ਵੀ ਤਰੀਕੇ ਨਾਲ ਤੰਬਾਕੂ ਸੇਵਨ ਕਰਨਾ ਕਾਨੂੰਨੀ ਅਪਰਾਧ ਹੈ। ਇਸ ਦੇ ਨਾਲ ਹੀ 18 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਤੰਬਾਕੂ ਉਤਪਾਦ ਵੇਚਣਾ ਜਾਂ ਕਿਸੇ ਵੀ ਵਿਦਿਅਕ ਸੰਸਥਾ ਦੇ 100 ਗਜ ਦੇ ਘੇਰੇ ਵਿੱਚ ਤੰਬਾਕੂ ਉਤਪਾਦਾਂ ਦੀ ਵਿਕਰੀ ਕਰਨਾ ਵੀ ਕਾਨੂੰਨ ਜੁਰਮ ਹੈ। ਡਾ. ਜਗਦੀਪ ਸਿੰਘ ਨੇ ਕਿਹਾ ਕਿ "ਤੰਬਾਕੂਨੋਸ਼ੀ ਅਤੇ ਤੰਬਾਕੂ ਸੇਵਨ ਸਾਡੀ ਸਿਹਤ ਲਈ ਬਹੁਤ ਹੀ ਹਾਨੀਕਾਰਕ ਹੈ।

# ਸਟੱਡੀ ਸਰਕਲ ਵੱਲੋਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ ਸੁੰਦਰ ਲਿਖਾਈ ਤੇ ਸ਼ਬਦ ਗਾਇਣ ਮੁਕਾਬਲੇ 25 ਅਕਤੂਬਰ ਨੂੰ

“Equality and justice” Patiala 22 October INTERNATIONAL PAPER, 9463601616 hardipchumber57@gmail.com





ਸੰਗਰੂਰ, 22 ਅਕਤੂਬਰ (ਜਗਸੀਰ ਲੌਂਗੋਵਾਲ) ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਪ੍ਰਕਾਸ਼ ਪੁਰਬ ਮੌਕੇ ਸਥਾਨਿਕ ਗੁਰਦੁਆਰਾ ਸਾਹਿਬ ਬ੍ਰਹਮਗਿਆਨੀ ਭਗਤ ਨਾਮਦੇਵ ਜੀ ਵਿਖੇ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਸੁਖਦੇਵ ਸਿੰਘ ਰਤਨ, ਆਲ ਇੰਡਿਆ ਕਸ਼ਤਰੀਆ ਟਾਂਕ ਪ੍ਰਤੀਨਿਧੀ ਸਭਾ ਦੇ ਕੌਮੀ ਪ੍ਰਧਾਨ ਸਤਨਾਮ ਸਿੰਘ ਦਮਦਮੀ ਦੀ ਦੇਖ ਰੇਖ ਬੜੀ ਸ਼ਰਧਾ ਨਾਲ ਮਨਾਏ ਜਾ ਰਹੇ ਹਨ। ਇਸ ਮੌਕੇ ਤੇ ਹਰ ਸਾਲ ਦੀ ਤਰ੍ਹਾਂ ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ ਸੰਗਰੂਰ ਜ਼ੋਨ ਵੱਲੋਂ ਵਿਦਿਆਰਥੀਆਂ ਦੇ ਸ਼ਬਦ ਗਾਇਣ ਮੁਕਾਬਲੇ ਹੋ ਰਹੇ ਹਨ। ਸੁਰਿੰਦਰ ਪਾਲ ਸਿੰਘ ਸਿਦਕੀ ਡਿਪਟੀ ਚੀਫ਼ ਆਰਗੇਨਾਈਜ਼ਰ ਤੇ ਪ੍ਰਬੰਧਕੀ ਸਕੱਤਰ ਨੇ ਦੱਸਿਆ ਕਿ ਇਹਨਾਂ ਮੁਕਾਬਲਿਆਂ ਵਿੱਚ ਅਕਾਲ ਅਕੈਡਮੀਆਂ ਅਤੇ ਕਾਨਵੈਂਟ ਸਕੂਲਾਂ ਦੀਆਂ ਟੀਮਾਂ ਭਾਗ ਲੈ ਰਹੀਆਂ ਹਨ। ਕੁਲਵੰਤ ਸਿੰਘ ਨਾਗਰੀ ਜ਼ੋਨਲ ਪ੍ਰਧਾਨ, ਅਜਮੇਰ ਸਿੰਘ ਜ਼ੋਨਲ ਸਕੱਤਰ ਅਤੇ ਬਲਵੰਤ ਸਿੰਘ ਭਿੱਖੀ ਪ੍ਰਧਾਨ ਸੰਗਰੂਰ ਨੇ ਦੱਸਿਆ ਕਿ ਇਸ ਮੌਕੇ ਤੇ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 25 ਅਕਤੂਬਰ ਨੂੰ ਸਕੂਲ ਵਿਦਿਆਰਥੀਆਂ ਦੇ ਨੌਂਵੇਂ ਪਾਤਿਸ਼ਾਹ ਦੇ ਸਲੋਕਾਂ ਤੇ ਆਧਾਰਿਤ ਸੁੰਦਰ ਲਿਖਾਈ ਦੇ ਫਾਈਨਲ ਮੁਕਾਬਲੇ ਵੀ ਹੋ ਰਹੇ ਹਨ। ਜਿਸ ਲਈ ਹਰਵਿੰਦਰ ਕੌਰ ਕੋਆਰਡੀਨੇਟਰ, ਗੁਰਮੇਲ ਸਿੰਘ ਵਿੱਤ ਸਕੱਤਰ, ਗੁਲਜ਼ਾਰ ਸਿੰਘ ਜਥੇਬੰਦਕ ਸਕੱਤਰ ਅਤੇ ਅਮਨਦੀਪ ਕੌਰ ਐਡੀਸ਼ਨਲ ਜ਼ੋਨਲ ਸਕੱਤਰ ਤੇ ਆਧਾਰਿਤ ਪ੍ਰਬੰਧਕੀ ਟੀਮ ਦਾ ਗਠਨ ਕੀਤਾ ਗਿਆ ਹੈ। ਮੁਕਾਬਲਿਆਂ ਦੇ ਜੇਤੂਆਂ ਨੂੰ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਨਗਦ ਇਨਾਮ ਦਿੱਤੇ ਜਾਣਗੇ। ਸਾਰੇ ਭਾਗ ਲੈਣ ਵਾਲੇ ਵਿਦਿਆਰਥੀਆਂ ਨੂੰ ਉਤਸ਼ਾਹਿਤ ਇਨਾਮ ਅਤੇ ਅਧਿਆਪਕ ਇੰਚਾਰਜਾਂ ਦਾ ਵੀ ਸਨਮਾਨ ਹੋਵੇਗਾ। ਇਸ ਮੌਕੇ ਪ੍ਰਬੰਧਕ ਕਮੇਟੀ ਦੇ ਅਹੁਦੇਦਾਰ ਮਾਸਟਰ ਰਜਿੰਦਰ ਸਿੰਘ ਤੱਗੜ, ਕੈਪਟਨ ਅਮਰਜੀਤ ਸਿੰਘ ਬੱਟੂ , ਮਲਕੀਤ ਸਿੰਘ ਸਾਗੂ, ਡਾਕਟਰ ਇਕਬਾਲ ਸਿੰਘ ਸਕਰੌਦੀ, ਹਰਬੰਸ ਸਿੰਘ ਗਰਚਾ, ਗੋਬਿੰਦਰ ਸਿੰਘ ਜੱਸਲ, ਕੁਲਵੰਤ ਸਿੰਘ ਗੇਰਾ ਗਰਚਾ, ਰੁਪਿੰਦਰ ਸਿੰਘ ਤੱਗੜ, ਕਰਮ ਸਿੰਘ ਨਮੋਲ, ਬਾਬਾ ਕੁਲਵੰਤ ਸਿੰਘ ਬੁਰਜ਼, ਜਸਵਿੰਦਰ ਸਿੰਘ ਤੱਗੜ, ਪਰਮਿੰਦਰ ਸਿੰਘ ਗੋਪੀ ਬਾਲੀਆਂ, ਜਗਪਾਲ ਸਿੰਘ ਬੇਦੀ, ਪੁਸ਼ਪਿੰਦਰ ਸਿੰਘ, ਸੁਰਿੰਦਰ ਪਾਲ ਸਿੰਘ ਸਿਦਕੀ, ਦਰਸ਼ਨ ਸਿੰਘ ਰਤਨ, ਬਲਦੇਵ ਸਿੰਘ ਰਤਨ ਆਦਿ ਹਾਜ਼ਰ ਸਨ।

# ਗਰੀਬੀ : ਇੱਕ ਜਲਦੀ ਹੱਲ ਲੋੜੀਂਦੀ ਸਮੱਸਿਆ

“Equality and justice” Patiala 22 October INTERNATIONAL PAPER, 9463601616 hardipchumber57@gmail.com

ਗਰੀਬੀ ਭਾਰਤ ਵਰਗੇ ਵਿਕਾਸਸ਼ੀਲ ਦੇਸ਼ ਲਈ ਇੱਕ ਗੰਭੀਰ ਸਮਾਜਕ ਅਤੇ ਆਰਥਿਕ ਚੁਣੌਤੀ ਹੈ। ਇੰਨਾ ਟੈਕਨੋਲੋਜੀ ਅਤੇ ਵਿਕਾਸ ਦੇ ਯੁੱਗ ਵਿੱਚ ਵੀ ਅਨੇਕਾਂ ਪਰਿਵਾਰ ਅਜੇ ਵੀ ਰੋਟੀ, ਕਪੜਾ ਅਤੇ ਰਹਿਣ ਲਈ ਛੱਤ ਵਰਗੀਆਂ ਮੂਲ ਭੌਤਿਕ ਜ਼ਰੂਰਤਾਂ ਤੋਂ ਵੰਝੇ ਹੋਏ ਹਨ।ਭਾਰਤ ਦੀ ਆਬਾਦੀ ਦਾ ਇੱਕ ਵੱਡਾ ਹਿੱਸਾ ਅਜੇ ਵੀ ਰੋਜ਼ਾਨਾ ਦੀ ਕਮਾਈ 'ਤੇ ਨਿਰਭਰ ਕਰਦਾ ਹੈ। ਕਿਸਾਨੀ ਵਿੱਚ ਆ ਰਹੀਆਂ ਮੁਸ਼ਕਲਾਂ, ਬੇਰੁਜ਼ਗਾਰੀ ਅਤੇ ਸਿੱਖਿਆ ਦੀ ਘਾਟ ਨੇ ਗਰੀਬੀ ਨੂੰ ਹੋਰ ਵਧਾਇਆ ਹੈ। ਗਰੀਬ ਪਰਿਵਾਰਾਂ ਦੇ ਬੱਚਿਆਂ ਨੂੰ ਪੜ੍ਹਾਈ ਤੋਂ ਵੱਧ ਕਰਕੇ ਕੰਮ ਕਰਨਾ ਪੈਂਦਾ ਹੈ, ਜਿਸ ਕਾਰਨ ਉਹਨਾਂ ਦੀ ਆਉਣ ਵਾਲੀ ਪੀੜ੍ਹੀ ਵੀ ਇਸ ਦਾਇਰੇ 'ਚ ਫਸ ਜਾਂਦੀ ਹੈਸਰਕਾਰ ਵੱਲੋਂ ਕਈ ਸਕੀਮਾਂ ਜਿਵੇਂ ਕਿ "ਪ੍ਰਧਾਨ ਮੰਤਰੀ ਗਰੀਬ ਕਲਿਆਣ ਯੋਜਨਾ", "ਮਨਰੇਗਾ", ਅਤੇ "ਅੰਨ ਯੋਜਨਾ" ਚਲਾਈਆਂ ਜਾ ਰਹੀਆਂ ਹਨ, ਪਰ ਇਨ੍ਹਾਂ ਦਾ ਲਾਭ ਹਰੇਕ ਹਕਦਾਰ ਤੱਕ ਨਹੀਂ ਪਹੁੰਚ ਰਿਹਾ।ਗਰੀਬੀ ਸਿਰਫ਼ ਆਰਥਿਕ ਸਮੱਸਿਆ ਨਹੀਂ, ਸਗੋਂ ਇੱਕ ਮਨੁੱਖੀ ਅਧਿਕਾਰਾਂ ਦੀ ਵੀ ਗੰਭੀਰ ਲੰਘਣਾ ਹੈ। ਜੇਕਰ ਅਸੀਂ ਇੱਕ ਬਰਾਬਰੀ ਵਾਲਾ ਸਮਾਜ ਬਣਾਉਣਾ ਚਾਹੁੰਦੇ ਹਾਂ ਤਾਂ ਸਿੱਖਿਆ, ਰੋਜ਼ਗਾਰ ਅਤੇ ਸਿਹਤ ਦੀ ਪਹੁੰਚ ਹਰੇਕ ਤੱਕ ਯਕੀਨੀ ਬਣਾਉਣੀ ਹੋਵੇਗੀ।ਸਮਾਜ ਦੇ ਹਰ ਵਰਗ ਨੂੰ ਚਾਹੇ ਉਹ ਸਰਕਾਰ ਹੋਵੇ, ਸਥਾਨਕ ਸੰਸਥਾਵਾਂ ਜਾਂ ਆਮ ਨਾਗਰਿਕ — ਗਰੀਬੀ ਵਿਰੁੱਧ



ਕੁਮਕੁਮ, ਬਾਬਾ ਫ਼ਰੀਦ ਐਜੂਕੇਸ਼ਨ ਕਾਲਜ, ਦਿਓਣ (ਬਠਿੰਡਾ), ਪੇਸ਼ਕਸ਼ - ਅੰਗਰੇਜ ਸਿੰਘ ਵਿੱਕੀ ਕੋਟਗੁਰੂ

ਇਕਜੁੱਟ ਹੋ ਕੇ ਕੰਮ ਕਰਨਾ ਹੋਵੇਗਾ, ਤਾਂ ਹੀ ਅਸੀਂ ਇਸ ਸਮੱਸਿਆ ਨੂੰ ਜੜ੍ਹ ਤੋਂ ਖਤਮ ਕਰ ਸਕਾਂਗੇ।

# ਧੀਮਾਨ ਭਵਨ ਸੋਸਾਇਟੀ ਸਰਹਿੰਦੀ ਗੇਟ ਪਟਿਆਲਾ ਵੱਲੋਂ ਵਿਸ਼ਵਕਰਮਾ ਦਿਵਸ ਬੜੀ ਸ਼ਰਧਾ ਨਾਲ ਮਨਾਇਆ

“Equality and justice”
Patiala 22 October
INTERNATIONAL PAPER, 94636 01616
hardipchumber57@gmail.com

ਅੱਜ ਮਿਤੀ 22—10—2025 ਦਿਨ ਬੁੱਧਵਾਰ ਧੀਮਾਨ ਭਵਨ ਸੋਸਾਇਟੀ ਸਰਹਿੰਦੀ ਗੇਟ ਪਟਿਆਲਾ ਵੱਲੋਂ ਵਿਸ਼ਵਕਰਮਾ ਦਿਵਸ ਬੜੀ ਸ਼ਰਧਾ ਨਾਲ ਮਨਾਇਆ ਗਿਆ। ਇਸ ਮੌਕੇ ਮਸ਼ਹੂਰ ਕਥਾਵਾਚਕ ਅੰਬਾਲੇ ਵਾਲੇ ਦਰਸ਼ਨ ਧੀਮਾਨ ਜੀ ਵਲੋਂ ਵਿਸ਼ਵਕਰਮਾ ਜੀ ਦਾ ਗੁਣਗਾਨ ਕੀਤਾ ਗਿਆ। ਜਿਸ ਦਾ ਆਨੰਦ ਆਈ ਹੋਈ ਸੰਗਤ ਨੇ ਖੂਬ ਸ਼ਰਧਾ ਨਾਲ ਮਾਣਿਆ ਅਤੇ ਇਸ ਮੌਕੇ ਤੇ ਸ਼ਹਿਰ ਦੀਆਂ ਉੱਚ ਸ਼ਖਸ਼ੀਅਤਾ ਪਹੁੰਚੀਆਂ, ਜਿਸ ਵਿੱਚ ਮੇਅਰ ਕੁੰਦਨ ਗੋਗੀਆ ਜੀ, ਗੁਰਿੰਦਰ ਸਿੰਘ ਢਿੱਲੋਂ



ਆਈ.ਪੀ.ਐਸ. ਏ.ਡੀ. ਜੀ.ਪੀ. ਰਿਟਾ:, ਰਾਮਗੜ੍ਹੀਆ ਅਕਾਲ ਜਥੇਬੰਦੀ ਪੰਜਾਬ ਵੱਲੋਂ ਚੇਅਰਮੈਨ ਜਗਜੀਤ ਸਿੰਘ (ਸੱਗੂ), ਓ.ਬੀ.ਸੀ. ਫੈਡਰੇਸ਼ਲ ਵਲੋਂ ਚੇਅਰਮੈਨ ਸ੍ਰੀ ਅਮਰਜੀਤ ਸਿੰਘ ਰਾਮਗੜ੍ਹੀਆ, ਪਟਿਆਲਾ ਦੇ ਮਸ਼ਹੂਰ ਉਦਯੋਗਪਤੀ ਅਤੇ ਚੇਅਰਮੈਨ ਮੰਗਲ ਮਸੀਨ ਪ੍ਰਾਈਵੇਟ ਲਿਮਟਿਡ ਵਲੋਂ ਜੈ ਪ੍ਰਕਾਸ਼ (ਮੁੰਡੇ), ਸਟਾਰ ਇੰਡਸਟਰੀਜ਼ ਫੋਕਲ ਪੁਆਇੰਟ ਪਟਿਆਲਾ ਵੱਲੋਂ ਬਾਵਾ ਸਿੰਘ (ਲੋਟੇ) ਜੀ ਵਲੋਂ ਮੁੱਖ ਮਹਿਮਾਨ ਵਜੋਂ ਵਿਸ਼ੇਸ਼ ਭੂਮਿਕਾ ਨਿਭਾਈ ਗਈ ਅਤੇ ਆਏ ਹੋਏ ਮੁੱਖ ਮਹਿਮਾਨ ਨੇ ਸੋਸਾਇਟੀ ਦੇ ਕੀਤੇ ਹੋਏ ਕੰਮਾਂ ਦੀ ਸ਼ਲਾਘਾ ਕੀਤੀ ਅਤੇ ਸਮੂਹ ਧੀਮਾਨ ਸਭਾ ਮੈਂਬਰਾਂ ਵੱਲੋਂ ਆਏ ਹੋਏ ਮੁੱਖ ਮਹਿਮਾਨਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਚੇਅਰਮੈਨ ਇੰਦਰਜੀਤ ਵਿਰਦੀ ਅਤੇ ਸੋਸਾਇਟੀ ਦੇ ਪ੍ਰਧਾਨ ਕੇਦਾਰ ਨਾਥ ਧੀਮਾਨ, ਜਨਰਲ ਸਕੱਤਰ ਸਿਆਮ ਲਾਲ ਧੀਮਾਨ, ਵਾਈਸ ਪ੍ਰਧਾਨ ਦਵਾਰਕਾ ਦਾਸ, ਚੇਅਰਮੈਨ ਸੰਦੀਪ ਟੀਨਾ, ਕੈਸ਼ੀਅਨ ਰਾਜ ਕੁਮਾਰ ਧੀਮਾਨ, ਦਵਿੰਦਰ ਪੈਨੇਸਰ ਵਾਇਸ ਪ੍ਰਧਾਨ, ਰਾਜਿੰਦਰ ਧੀਮਾਨ, ਨਿਰਦੋਸ਼ ਧੀਮਾਨ, ਇਸ਼ੂ ਧੀਮਾਨ, ਯਸ਼ ਧੀਮਾਨ, ਪ੍ਰਦੀਪ ਧੀਮਾਨ, ਰਾਜਿੰਦਰ ਸੋਧ ਵੱਲੋਂ ਮੁੱਖ ਮਹਿਮਾਨਾਂ ਨੂੰ ਸਨਮਾਨਿਤ ਚਿੰਨ ਦੇ ਕੇ ਉਹਨਾਂ ਦਾ ਨਿੱਘਾ ਸੁਆਗਤ ਕੀਤਾ ਗਿਆ। ਇਸ ਪਵਿੱਤਰ ਦਿਹਾੜੇ ਤੇ ਲੰਗਰ ਅਤੁੱਟ ਵਰਤਾਇਆ ਗਿਆ। ਸ਼ਾਮ ਸਿੰਘ ਸਟੇਜ਼ ਸੈਕਟਰੀ ਵਲੋਂ ਆਏ ਹੋਏ ਭਗਤਾਂ ਦਾ ਜੀ ਆਇਆ ਕਹਿ ਕੇ ਸੁਆਗਤ ਕੀਤਾ ਅਤੇ ਧੰਨਵਾਦ ਕੀਤਾ।

# “ਆਵੇ ਸਾਡੇ ਨਾਲ ਜਾਵੇ ਕਿਸੇ ਹੋਰ ਨਾਲ, ਬੱਲੇ ਉਹ ਚਲਾਕ ਸੱਜਣਾ”

## ਡਿਊਟੀ ਮਲੇਰੀਆ ਵਿੰਗ ਵਿੱਚ ਸਵਸਥ ਸਹਾਇਕ ਦੀ ਤੇ ਘੁੰਮਦਾ ਸੈਂਪਲ ਭਰਨ ਵਾਲੀ ਫੂਡ ਸੇਫਟੀ ਅਫਸਰਾਂ ਦੀ ਟੀਮ ਨਾਲ, • ਮੋਟਾ ਮਾਲ ਇਕੱਠਾ ਕਰਨ ‘ਚ ਮਾਹਿਰ ਹੋਣ ਕਾਰਣ ਲੰਮੇ ਸਮੇਂ ਤੋਂ ਇੱਕੋ ਸਟੇਸ਼ਨ ‘ਤੇ ਤਾਇਨਾਤ ਚਹੇਤਾ ਮੁਲਾਜ਼ਮ

“Equality and justice”
Patiala 22 October
INTERNATIONAL PAPER, 94636 01616
hardipchumber57@gmail.com




ਹੁਸ਼ਿਆਰਪੁਰ, 22 ਅਕਤੂਬਰ ( ਤਰਸੇਮ ਦੀਵਾਨਾ ) - ਭਾਵੇਂ ਪੰਜਾਬ ਦੀ ਮੌਜੂਦਾ ਆਪ ਸਰਕਾਰ ਵੱਲੋਂ ਸਿਹਤ ਅਤੇ ਸਿੱਖਿਆ ਸੇਵਾਵਾਂ ਨੂੰ ਆਪਣੀ ਪਹਿਲੀ ਤਵੱਜੋ ਦੇਣ ਦਾ ਐਲਾਨ ਕੀਤਾ ਹੋਇਆ ਹੈ ਪਰ ਇਸ ਦੇ ਉਲਟ ਹੁਸ਼ਿਆਰਪੁਰ ਦੇ ਸਿਹਤ ਵਿਭਾਗ ਦਾ ਤਾ ਬਾਬਾ ਆਦਮ ਹੀ ਨਿਰਾਲਾ ਹੈ | ਇਸ ਵਿਭਾਗ ਵਿੱਚ ਸਰਕਾਰੀ ਹੁਕਮਾਂ ਦੇ ਉਲਟ ਚੱਲਣ ਨੂੰ ਸ਼ਾਨ ਵਾਲੀ ਗੱਲ ਸਮਝੀ ਜਾਂਦੀ ਹੈ ਇਥੋਂ ਤੱਕ ਕਿ ਇਸ ਵਿਭਾਗ ਵਿੱਚ ਤਾਇਨਾਤ ਕੁੱਝ ਅਧਿਕਾਰੀ ਅਤੇ ਮੁਲਾਜ਼ਮ ਆਪਣੇ ਹੀ ਉੱਚ ਅਧਿਕਾਰੀਆ ਦੇ ਹੁਕਮਾਂ ਨੂੰ ਟਿੱਚ ਜਾਣਦੇ ਹੋਏ ਮਨਮਰਜ਼ੀ ਨਾਲ ਡਿਊਟੀਆਂ ਏਧਰੋਂ ਉਧਰ ਤੇ ਓਧਰੋਂ ਏਧਰ ਮਲਾਈ ਵਾਲੇ ਅਹੁਦਿਆਂ ਤੇ ਕਰੀ ਜਾਂਦੇ ਹਨ ਇਸ ਦੀ ਮਿਸਾਲ ਇੰਝ ਸਾਹਮਣੇ ਆਈ ਕਿ ਪਿਛਲੇ ਲੰਮੇ ਸਮੇਂ ਤੋਂ ਇੱਕੋ ਸਟੇਸ਼ਨ ਤੇ ਤਾਇਨਾਤ ਇੱਕ ਮੁਲਾਜ਼ਮ, ਜਿਸ ਬਾਰੇ ਇਹ ਸਮਝਿਆ ਜਾਂਦਾ ਹੈ ਕਿ ਮੋਟੀ ਮਲਾਈ ਵਾਲੇ ਸ਼ਿਕਾਰ ਇਸ ਦੀਆਂ ਉਂਗਲਾਂ ਦੇ ਪੋਟਿਆਂ ‘ਤੇ ਈ ਹੁੰਦੇ ਹਨ ਜਿਸ ਕਾਰਣ ਨਵੇਂ ਨਵੇਂ ਆਉਂਦੇ ਅਧਿਕਾਰੀਆਂ ਦਾ ਇਹ ਮੁਲਾਜ਼ਮ ਚਹੇਤਾ ਬਣ ਜਾਂਦਾ ਹੈ, ਇਸੇ ਮੁਲਾਜ਼ਮ ਵੱਲੋਂ ਮਲੇਰੀਆ ਵਿੰਗ ਵਿੱਚ ਸਵਸਥ ਸਹਾਇਕ ਵੱਜੋਂ ਤਾਇਨਾਤ ਹੋਣ ਦੇ ਹੁਕਮਾਂ ਨੂੰ ਅਣਦੇਖਿਆਂ ਕਰਦਿਆਂ ਫੂਡ ਸੇਫਟੀ ਦੇ ਅਫਸਰਾਂ ਦੀ ਟੀਮ ਨਾਲ ਡਿਊਟੀ ਕੀਤੀ ਜਾ ਰਹੀ ਹੈ ਜਿਸ ਦੀਆਂ ਫੂਡ ਸੇਫਟੀ ਅਫਸਰਾਂ ਵੱਲੋਂ ਕੀਤੇ ਜਾਂਦੇ ਰੇਡ ਦੀਆਂ ਸਿਵਲ ਹਸਪਤਾਲ ਹੁਸ਼ਿਆਰਪੁਰ ਦੇ ਮਾਸੀ ਮੀਡੀਆ ਵੱਲੋਂ ਭੇਜੀਆਂ ਜਾਂਦੀਆਂ ਖਬਰਾਂ ਵਿੱਚ ਫੂਡ ਸੇਫਟੀ ਅਫਸਰਾਂ ਦੇ ਨਾਲ ਰੇਡ ਕਰਨ ਸਮੇਂ ਦੀਆਂ ਫੋਟੋ ਆਮ ਦੇਖੀਆਂ ਜਾ ਸਕਦੀਆਂ ਹਨ | ਭਰੋਸੇਯੋਗ ਸੂਤਰਾਂ ਪਾਸੋਂ ਮਿਲੀ ਜਾਣਕਾਰੀ ਅਨੁਸਾਰ ਸਿਵਲ ਸਰਜਨ ਦਫਤਰ ਵਿੱਚ ਪਿਛਲੇ ਲੰਮੇ ਸਮੇਂ ਤੋਂ ਇੱਕੋ ਸਟੇਸ਼ਨ ਤੇ ਨਰੇਸ਼ ਕੁਮਾਰ ਸਵਸਥ ਕਰਮੀ ਵੱਜੋਂ ਤਾਇਨਾਤ ਹੈ ਜਿਸ ਦੀ ਡਿਊਟੀ ਜ਼ਿਆਦਾਤਰ ਫੂਡ ਸੇਫਟੀ ਅਫ਼ਸਰ ਦੇ ਨਾਲ ਰਹੀ ਹੋਣ ਕਾਰਣ ਮਲਾਈਦਾਰ ਪਾਰਟੀਆਂ ਦਾ ਚੰਗਾ ਜਾਣੂ ਹੋ ਗਿਆ ਹੈ, ਪਰ ਸਿਵਲ ਸਰਜਨ ਵੱਲੋਂ ਇਸ ਦੀ ਡਿਊਟੀ ਅਧਿਕਾਰਿਤ ਤੌਰ ‘ਤੇ ਮਲੇਰੀਆ ਵਿੰਗ ਵਿੱਚ ਲਾਈ ਹੋਈ ਹੈ ਅਤੇ ਹੁਣ ਵੀ ਮਿਤੀ 10/10/2025 ਨੂੰ ਸਿਵਲ ਸਰਜਨ ਹੁਸ਼ਿਆਰਪੁਰ ਦਫਤਰ ਵੱਲੋਂ ਆਪਣੇ ਹੁਕਮ ਨੰਬਰ 3853 ਰਾਹੀਂ ਨਰੇਸ਼ ਕੁਮਾਰ ਦੀ ਡਿਊਟੀ ਜ਼ਿਲ੍ਹਾ ਮਲੇਰੀਆ ਲੈਬ ਵਿੱਚ ਸਵਸਥ ਸਹਾਇਕ ਵੱਜੋਂ ਲਗਾਈ ਗਈ ਹੈ ਪਰ ਇਨ੍ਹਾਂ ਹੁਕਮਾਂ ਦੀ ਪ੍ਰਵਾਹ ਨਾ ਕਰਦਿਆਂ ਉਕਤ ਮੁਲਾਜ਼ਮ ਹਾਲੇ ਵੀ ਫੂਡ ਸੇਫਟੀ ਅਫ਼ਸਰਾ ਦੀ ਟੀਮ ਵਿੱਚ ਡਿਊਟੀ ਕਰ ਰਿਹਾ ਨਜ਼ਰ ਆ ਰਿਹਾ ਹੈ, ਜਿਸ ਵੱਲੋਂ ਟਾਂਡੇ ਵਿੱਚ ਕੀਤੀ ਗਈ ਛਾਪੇਮਾਰੀ ਦੌਰਾਨ ਇਸ ਟੀਮ ਵਿੱਚ ਸ਼ਾਮਿਲ ਨਰੇਸ਼ ਦੀਆਂ ਤਸਵੀਰਾਂ ਆਮ ਦੇਖਣ ਨੂੰ ਮਿਲ ਰਹੀਆਂ ਹਨ |

ਅਤਿ ਭਰੋਸੇ ਯੋਗ ਵਿਭਾਗ ਦੇ ਅੰਦਰਲੇ ਸੂਤਰਾਂ ਮੁਤਾਬਿਕ ਨਰੇਸ਼ ਪਿਛਲੇ ਲੰਮੇ ਸਮੇਂ ਤੋਂ ਇੱਕੋ ਸਟੇਸ਼ਨ ਤੇ ਤਾਇਨਾਤ ਹੋਣ ਕਾਰਨ ਮਲਾਈਦਾਰ ਪਾਰਟੀਆਂ ਦਾ ਚੰਗਾ ਜਾਣੂ ਹੈ ਜਿਸ ਕਾਰਣ ਹਰ ਨਵੇਂ ਫੂਡ ਸੇਫਟੀ ਅਫ਼ਸਰ ਦੇ ਚਹੇਤੇ ਟੀਮ ਮੈਂਬਰ ਵੱਜੋਂ ਸ਼ਾਮਿਲ ਹੁੰਦਾ ਆ ਰਿਹਾ ਹੈ ਜਿਨ੍ਹਾਂ ਦੀ ਹਾਲੀਆ ਤਿਉਹਾਰੀ ਸੀਜ਼ਨ ਹੋਣ ਕਾਰਨ ਬਹੁਤ ਜ਼ਿਆਦਾ ਡਿਮਾਂਡ ਰਹਿੰਦੀ ਹੈ ਇਹੀ ਕਾਰਨ ਹੈ ਕਿ ਮੋਟਾ ਮਾਲ ਇਕੱਠਾ ਕਰਨ ਵਿੱਚ ਮੁਹਾਰਤ ਰੱਖਦਾ ਹੋਣ ਕਾਰਨ ਇੱਕੋ ਸਟੇਸ਼ਨ ਤੇ ਤਾਇਨਾਤ ਹੋਣ ਵਿੱਚ ਕਾਮਯਾਬ ਰਿਹਾ ਹੈ | ਹੁਣ ਸਵਾਲ ਇਹ ਉੱਠਦਾ ਕਿ ਇਸ ਸਵਸਥ ਕਰਮੀ ਕੋਲ ਕਿਹੜਾ ਇਹੋ ਜਿਹਾ ਡਿਪਲੋਮਾ ਡਿਗਰੀ ਸਰਟੀਫਿਕੇਟ ਹੈ ਜੋ ਹਰ ਫੂਡ ਸੇਫਟੀ ਟੀਮ ਵਿੱਚ ਇਸ ਦੀ ਸਭ ਤੋਂ ਜ਼ਿਆਦਾ ਡਿਮਾਂਡ ਰਹਿੰਦੀ ਹੈ ? ਸ਼ਾਇਦ ਮੋਟਾ ਮਾਲ ਇਕੱਠਾ ਕਰਨ ਦੀ ਯੋਗਤਾ ਹੋਣਾ ਹੀ ਇਸ ਕੋਲ ਸਭ ਤੋਂ ਵੱਡੀ ਡਿਗਰੀ ਹੈ ਇਸੇ ਕਾਰਣ ਹੀ ਆਪ ਸਰਕਾਰ ਦੀ ਭ੍ਰਿਸ਼ਟਾਚਾਰ ਤੇ ਵਾਰ ਮੁਹਿੰਮ ਬਹੁਤੀ ਕਾਮਯਾਬ ਨਹੀਂ ਹੋ ਰਹੀ ਜਿਸ ਦੀ ਸਭ ਤੋਂ ਵੱਡੀ ਮਿਸਾਲ ਰੋਪੜ ਰੇਂਜ ਦੇ ਡੀਆਈਜੀ ਐੱਚਐੱਸ ਭੁੱਲਰ ਦੀ ਆਪ ਸਰਕਾਰ ਦੀ ਨੱਕ ਹੇਠੋਂ ਸੀਬੀਆਈ ਵੱਲੋਂ ਹਾਲ ਹੀ ਵਿੱਚ ਕੀਤੀ ਗ੍ਰਿਫ਼ਤਾਰੀ ਹੈ, ਜਿਸ ਨੇ ਕਥਿਤ ਬਦਲਾਅ ਵਾਲੀ ਸਰਕਾਰ ਦੇ ਪੈਰਾਂ ਹੇਠਿਓਂ ਜ਼ਮੀਨ ਕੱਢ ਕੇ ਰੱਖ ਦਿੱਤੀ ਹੈ |

### ਕੀ ਕਹਿੰਦੇ ਨੇ ਜ਼ਿਲ੍ਹਾ ਮਲੇਰੀਆ ਅਫ਼ਸਰ :

ਇਸ ਮਾਮਲੇ ਵਿੱਚ ਸੰਪਰਕ ਕਰਨ ‘ਤੇ ਜ਼ਿਲ੍ਹਾ ਮਲੇਰੀਆ ਅਫ਼ਸਰ ਡਾ. ਜਗਦੀਪ ਸਿੰਘ ਨੇ ਕਿਹਾ ਕਿ ਜ਼ਿਲ੍ਹਾ ਸਿਹਤ ਅਫ਼ਸਰ ਜਤਿੰਦਰ ਭਾਟੀਆ ਦੀ ਜ਼ੁਬਾਨੀ ਬੇਨਤੀ ਤੇ ਨਰੇਸ਼ ਕੁਮਾਰ ਸਵਸਥ ਸਹਾਇਕ ਨੂੰ ਫੂਡ ਸੇਫਟੀ ਟੀਮ ਨਾਲ ਭੇਜਿਆ ਗਿਆ ਸੀ ਕਿਉਂਕਿ ਉਨ੍ਹਾਂ ਮੁਤਾਬਿਕ ਨਵੇਂ ਆਏ ਦਰਜਾ ਚਾਰ ਮੁਲਾਜ਼ਮ ਨੂੰ ਸੈਂਪਲ ਦੀ ਪੈਕਿੰਗ ਕਰਨੀ ਨਹੀਂ ਆਉਂਦੀ ਹੋਣ ਕਾਰਨ ਸਾਡੀ ਟੀਮ ਨੂੰ ਇਸ ਦੀ ਜਰੂਰਤ ਹੈ ਜਦਕਿ ਭਰੋਸੇਯੋਗ ਸੂਤਰਾਂ ਮੁਤਾਬਿਕ ਸੈਂਪਲ ਪੈਕਿੰਗ ਕਰਨ ਦਾ ਕੰਮ ਦਰਜਾ ਚਾਰ ਦਾ ਨਹੀਂ ਸਗੋਂ ਖੁਦ ਫੂਡ ਸੇਫਟੀ ਅਫ਼ਸਰ ਦਾ ਹੈ, ਦਰਜਾ ਚਾਰ ਤਾਂ ਕੇਵਲ ਇਸ ਵਿੱਚ ਸਹਾਇਤਾ ਹੀ ਕਰ ਸਕਦਾ ਹੈ |

### ਫੂਡ ਸੇਫਟੀ ਅਫ਼ਸਰ ਨੇ ਨਹੀਂ ਚੁੱਕਿਆ ਫੋਨ :

ਇਸ ਮਾਮਲੇ ਵਿੱਚ ਫੂਡ ਸੇਫਟੀ ਅਫ਼ਸਰ ਡਾ. ਮਨੀਸ਼ ਕੁਮਾਰ ਨੂੰ ਵਾਰ ਵਾਰ ਫੋਨ ਕਰਨ ਦੇ ਬਾਵਜੂਦ ਵੀ ਫੋਨ ਚੁੱਕਣਾ ਮੁਨਾਸਿਬ ਨਹੀਂ ਸਮਝਿਆ ਜਿਸ ਕਾਰਨ ਉਨ੍ਹਾਂ ਦਾ ਪੱਖ ਨਹੀਂ ਲਿਆ ਜਾ ਸਕਿਆ |

# ਪੰਜਾਬ ਹੀ ਨਹੀ ਬਲਕਿ ਪੂਰਾ ਭਾਰਤ ਹੀ ਨਸ਼ਿਆਂ ਦੀ ਲਪੇਟ ਵਿੱਚ ਆਇਆ ਹੋਇਆ ਹੈ : ਬਰਿੰਦਰ ਸਿੰਘ ਪਰਮਾਰ

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਅਕਤੂਬਰ
INTERNATIONAL PAPER, 94636 01616
hardipchumber57@gmail.com

ਹੁਸ਼ਿਆਰਪੁਰ 22 ਅਕਤੂਬਰ ( ਤਰਸੇਮ ਦੀਵਾਨਾ ) - ਪੰਜਾਬ ਹੀ ਨਹੀ ਬਲਕਿ ਪੂਰਾ ਭਾਰਤ ਨਸ਼ਿਆਂ ਦੀ ਲਪੇਟ ਵਿੱਚ ਆਇਆ ਹੋਇਆ ਹੈ ਜਿਸ ਵਿੱਚ ਹੁਣ ਛੋਟੇ ਬੱਚੇ ਅਤੇ ਲੜਕੀਆਂ ਵੀ ਨਸ਼ੇ ਦੀ ਗ੍ਰਿਫਤ ਵਿੱਚ ਆਉਣੀਆਂ ਸ਼ੁਰੂ ਹੋ ਗਈਆਂ ਹਨ । ਇਸ ਕਰਕੇ ਪੰਜਾਬ ਵਿੱਚੋ ਸਰਕਾਰ ਨੇ ਵੀ ਆਪਣਾ ਪੂਰਾ ਜੋਰ ਲਗਾਇਆ ਹੋਇਆ ਹੈ ਕਿ ਨਸ਼ੇ ਨੂੰ ਦੇਸ਼ ਵਿੱਚੋਂ ਕਿਸੇ ਵੀ ਕੀਮਤ ਤੇ ਖਤਮ ਕੀਤਾ ਜਾਵੇ ਪ੍ਰੰਤੂ ਹੋ ਨਹੀ ਰਿਹਾ । ਇਹਨਾਂ ਗੱਲਾਂ ਦਾ ਪ੍ਰਗਟਾਵਾ ਸ਼੍ਰੋਮਣੀ ਅਕਾਲੀ ਦਲ ਦੇ ਜ਼ਿਲ੍ਹਾ ਸੀਨੀਅਰ ਮੀਤ ਪ੍ਰਧਾਨ ਬਰਿੰਦਰ ਸਿੰਘ ਪਰਮਾਰ ਨੇ ਕੁਝ ਚੋਣਵੇਂ ਪੱਤਰਕਾਰਾਂ ਨਾਲ ਕੀਤਾ ! ਉਹਨਾਂ ਲੋਕਾ ਨੂੰ ਅਪੀਲ ਕਰਦਿਆ ਕਿਹਾ ਕਿ ਆਪਣੇ ਬੱਚਿਆਂ ਵੱਲ ਧਿਆਨ ਦੇਵੋ ਕਿਉਂਕਿ ਅੱਜ ਦੇ ਸਮੇਂ ਵਿੱਚ ਨੌਜਵਾਨ ਮੁੰਡੇ ਤੇ ਕੁੜੀਆ ਜਿਆਦਾ ਗਿਣਤੀ ਵਿੱਚ ਨਸ਼ੇ ਦੇ ਆਦੀ ਹੋ ਰਹੇ ਹਨ। ਜਿਸ ਨਾਲ ਨੌਜਵਾਨ ਅਤੇ ਉਨਾਂ ਦੇ ਮਾਤਾ ਪਿਤਾ ਮਾਨਸਿਕ ਤੌਰ ਤੇ ਰੋਗੀ ਹੋ ਰਹੇ ਹਨ। । ਉਹਨਾ ਕਿਹਾ ਕਿ ਨੌਜਵਾਨ ਦੇਸ਼ ਦਾ ਭੱਵਿਖ ਹੁੰਦੇ ਹਨ, ਪਰ ਸਾਡੇ ਨੌਜਵਾਨ ਅੱਜ ਦੇ ਦੌਰ ਵਿੱਚ ਨਸ਼ੇ ਦੀ ਗ੍ਰਿਫਤ ਵਿੱਚ ਫਸ ਰਹੇ ਹਨ। ਉਹਨਾਂ ਕਿਹਾ ਕਿ ਨਸ਼ੇ ਨਾਲ ਕਿਸੇ ਵੀ ਸਮੱਸਿਆ ਦਾ ਹੱਲ ਨਹੀ ਲੱਭਿਆ ਜਾ ਸਕਦਾ । ਇਸ ਲਈ ਸਾਨੂੰ



ਆਪਣੇ ਬੱਚਿਆਂ ਨੂੰ ਇਤਿਹਾਸ ਅਤੇ ਸੱਭਿਆਚਾਰ ਨਾਲ ਜੋੜਨਾ ਚਾਹੀਦਾ ਹੈ ਤਾਂ ਜੋ ਬੱਚੇ ਗੁਮਰਾਹ ਹੋ ਕੇ ਬੁਰੀ ਸੰਗਤ ਵਿੱਚ ਨਾ ਪੈ ਜਾਣ ।

## ਸਫਾ 1 ਦਾ ਬਾਕੀ ਭਾਗ

ਆਪਣੀ ਤਰੱਕੀ ਤੋਂ ਖੁਸ਼ ਹਨ। ਉਨ੍ਹਾਂ ਦੀ ਤਰ੍ਹਾਂ ਮੂਰਫੀਲਡਜ਼ ਦੀ ਮੈਡੀਕਲ ਟੀਮ ਵੀ ਖੁਸ਼ ਹੈ।

ਉਹ ਕਹਿੰਦੇ ਹਨ, “ਮੈਂ ਆਪਣੀਆਂ ਪੋਸਟਾਂ, ਕਿਤਾਬਾਂ ਪੜ੍ਹ ਸਕਦੀ ਹਾਂ ਅਤੇ ਕ੍ਰਾਸਵਰਡ ਪਹੇਲੀਆਂ ਅਤੇ ਸੁਡੋਕੁ ਖੇਡ ਸਕਦੀ ਹਾਂ।”

ਜਦੋਂ ਸ਼ੈਲਾ ਨੂੰ ਪੁੱਛਿਆ ਗਿਆ ਕਿ ਕੀ ਉਨ੍ਹਾਂ ਨੇ ਕਦੇ ਸੋਚਿਆ ਸੀ ਕਿ ਉਹ ਦੁਬਾਰਾ ਪੜ੍ਹੇ ਸਕਣਗੇ, ਤਾਂ ਸ਼ੈਲਾ ਨੇ ਜਵਾਬ ਦਿੱਤਾ,” ਨਹੀਂ!”

ਉਨ੍ਹਾਂ ਕਿਹਾ, “ਇਹ ਬਹੁਤ ਵਧੀਆ ਹੈ। ਮੈਂ ਬੇਹੱਦ ਖੁਸ਼ ਹਾਂ।”

“ਤਕਨੀਕ ਬਹੁਤ ਤੇਜ਼ੀ ਨਾਲ ਅੱਗੇ ਵਧ ਰਹੀ ਹੈ, ਇਹ ਹੈਰਾਨੀਜਨਕ ਹੈ ਕਿ ਮੈਂ ਇਸਦਾ ਹਿੱਸਾ ਹਾਂ।”

ਸ਼ੈਲਾ ਬਾਹਰ ਜਾਣ ਵੇਲੇ ਇਸ ਡਿਵਾਈਸ ਨੂੰ ਨਹੀਂ ਪਹਿਨਦੇ।

ਕੁਝ ਹੱਦ ਤੱਕ, ਇਹ ਇਸ ਲਈ ਹੈ ਕਿਉਂਕਿ ਇਸ ਲਈ ਬਹੁਤ ਜ਼ਿਆਦਾ ਇਕਾਗਰਤਾ ਦੀ ਲੋੜ ਹੁੰਦੀ ਹੈ। ਪੜ੍ਹਨ ਲਈ ਉਨਾਂ ਨੂੰ ਆਪਣੇ ਸਿਰ ਨੂੰ ਬਹੁਤ ਸਥਿਰ ਰੱਖਣਾ ਪੈਂਦਾ ਹੈ। ਉਹ ਇਸ ਡਿਵਾਈਸ ‘ਤੇ ਬਹੁਤ ਜ਼ਿਆਦਾ ਨਿਰਭਰ ਵੀ ਨਹੀਂ ਹੋਣਾ ਚਾਹੁੰਦੇ।

ਉਹ ਕਹਿੰਦੇ ਹਨ ਕਿ ਇਸ ਦੀ ਬਜਾਇ, ਉਹ ਹਰ ਰੋਜ਼ ਘਰ ਦੇ ਕੰਮ ਜਲਦੀ ਕਰਦੇ ਹਨ ਅਤੇ ਫਿਰ ਬੈਠ ਕੇ ਖਾਸ ਐਨਕਾਂ ਲਗਾਉਂਦੇ ਹਨ।

ਪ੍ਰਾਈਮਾ ਇਮਪਲਾਂਟ ਨੂੰ ਅਜੇ ਲਾਇਸੈਂਸ ਨਹੀਂ ਮਿਲਿਆ ਹੈ। ਇਸ ਲਈ ਇਹ ਕਲੀਨਿਕਲ ਅਜ਼ਮਾਇਸ਼ਾਂ ਤੋਂ ਬਾਹਰ ਉਪਲੱਬਧ ਨਹੀਂ ਹੈ ਅਤੇ ਇਹ ਸਪੱਸ਼ਟ ਨਹੀਂ ਹੈ ਕਿ ਇਸਦੀ ਕੀਮਤ ਕਿੰਨੀ ਹੋ ਸਕਦੀ ਹੈ।

ਮਾਹੀ ਮੁਕਿਤ ਨੇ ਕਿਹਾ ਕਿ ਫ਼ਿਰ ਵੀ ਉਨ੍ਹਾਂ ਨੂੰ ਉਮੀਦ ਹੈ ਕਿ ਇਹ ਕੁਝ ਐੱਨਐੱਚਐੱਸ ਮਰੀਜ਼ਾਂ ਲਈ, ਕੁਝ ਸਾਲਾਂ ਦੇ ਅੰਦਰ, ਉਪਲੱਬਧ ਹੋ ਜਾਵੇਗਾ।

ਇਹ ਸੰਭਵ ਹੈ ਕਿ ਇਸ ਤਕਨੀਕ ਦੀ ਵਰਤੋਂ ਭਵਿੱਖ ਵਿੱਚ ਅੱਖਾਂ ਦੀਆਂ ਹੋਰ ਬਿਮਾਰੀਆਂ ਵਾਲੇ ਲੋਕਾਂ ਦੀ ਮਦਦ ਲਈ ਕੀਤੀ ਜਾ ਸਕੇ।

ਮੈਕੂਲਰ ਸੋਸਾਇਟੀ ਦੇ ਖੋਜ ਨਿਰਦੇਸ਼ਕ ਡਾਕਟਰ ਪੀਟਰ ਬਲੂਮਫੀਲਡ ਦਾ ਕਹਿਣਾ ਹੈ ਕਿ ਨਤੀਜੇ ਉਨ੍ਹਾਂ ਲੋਕਾਂ ਲਈ ਉਤਸ਼ਾਹਜਨਕ ਹਨ, ਜਿਨ੍ਹਾਂ ਕੋਲ ਇਸ ਸਮੇਂ ਕੋਈ ਇਲਾਜ ਦਾ ਬਦਲ ਨਹੀਂ ਹਨ।

“ਨਕਲੀ ਦ੍ਰਿਸ਼ਟੀ ਬਹੁਤ ਸਾਰੇ ਲੋਕਾਂ ਨੂੰ ਉਮੀਦ ਦੀ ਕਿਰਨ ਸਾਬਤ ਹੋ ਸਕਦੀ ਹੈ, ਖ਼ਾਸ ਕਰਕੇ ਏਐੱਮਡੀ ਇਲਾਜ ਲਈ ਦੁਨੀਆਂ ਭਰ ਵਿੱਚ ਹੋਈਆਂ ਪਿਛਲੀਆਂ ਖੋਜਾਂ ਤੋਂ ਬਾਅਦ ਹੱਥ ਲੱਗੀ ਨਿਰਾਸ਼ਾ ਤੋਂ ਬਾਅਦ, ਤਾਂ ਇਹ ਇੱਕ ਵੱਡੀ ਰਾਹਤ ਨਜ਼ਰ ਆ ਰਹੀ ਹੈ।”

“ਅਸੀਂ ਹੁਣ ਇਹ ਧਿਆਨ ਨਾਲ ਦੇਖ ਰਹੇ ਹਾਂ ਕਿ ਕੀ ਪ੍ਰਾਈਮਾ ਇਮਪਲਾਂਟ ਨੂੰ ਯੂਕੇ ਵਿੱਚ ਵਰਤੋਂ ਲਈ ਮਨਜ਼ੂਰੀ ਦਿੱਤੀ ਜਾਵੇਗੀ ਅਤੇ ਮਹੱਤਵਪੂਰਨ ਤੌਰ ‘ਤੇ ਕੀ ਇਸਨੂੰ ਐੱਨਐੱਚਐੱਸ ‘ਤੇ ਉਪਲਬਧ ਕਰਵਾਇਆ ਜਾ ਸਕਦਾ ਹੈ।”

ਇਨ੍ਹਾਂ ਟਰਾਇਲਾਂ ਤੋਂ ਉਨ੍ਹਾਂ ਲੋਕਾਂ ਦੀ ਮਦਦ ਦੀ ਉਮੀਦ ਨਹੀਂ ਕੀਤੀ ਜਾਂਦੀ, ਜਿਨ੍ਹਾਂ ਦੀ ਆਪਟਿਕ ਨਰਵ, ਜੋ ਰੈਟੀਨਾ ਤੋਂ ਦਿਮਾਗ ਨੂੰ ਸੰਕੇਤ ਭੇਜਦੀ ਹੈ, ਕੰਮ ਨਹੀਂ ਕਰਦੀ।

# ਪੰਜਾਬ ਦਾ ਇੱਕ ਪਿੰਡ ਜਿੱਥੇ ਨਹੀਂ ਆਉਂਦਾ ਸੀ Mobile Network, ਮਹਿਲਾ ਸਰਪੰਚ ਨੇ ਲਗਵਾਇਆ ਮੁਫ਼ਤ WiFi, ਕੰਧਾਂ ‘ਤੇ ਲਿਖੇ Password

## ਪੰਜਾਬ ਦੇ ਪਿੰਡ ਰਾਮਕਲਵਾਂ ਵਿੱਚ ਕਦੇ ਮੋਬਾਈਲ ਨੈੱਟਵਰਕ ਦੀ ਘਾਟ ਸੀ। ਲੋਕਾਂ ਨੂੰ ਫ਼ੋਨ ‘ਤੇ ਗੱਲ ਕਰਨ ਲਈ ਖੇਤਾਂ ਜਾਂ ਉੱਚੀ ਜ਼ਮੀਨ ‘ਤੇ ਜਾਣਾ ਪੈਂਦਾ ਸੀ। ਪਰ ਹੁਣ, ਉਹੀ ਪਿੰਡ ਮੁਫ਼ਤ ਵਾਈ-ਫਾਈ ਵਾਲਾ ਪਿੰਡ ਬਣ ਗਿਆ ਹੈ।

“ਇਕੁਐਲਿਟੀ ਐਂਡ ਜਸਟਿਸ”
ਪਟਿਆਲਾ 22 ਅਕਤੂਬਰ
INTERNATIONAL PAPER, 94636 01616
hardipchumber57@gmail.com

ਭਾਰਤ-ਪਾਕਿਸਤਾਨ ਸਰਹੱਦ ਦੇ ਨੇੜੇ ਸਥਿਤ ਪੰਜਾਬ ਦੇ ਪਠਾਨਕੋਟ ਦੇ ਪਿੰਡ ਰਾਮਕਲਵਾਂ ਵਿੱਚ ਕਦੇ ਮੋਬਾਈਲ ਨੈੱਟਵਰਕ ਦੀ ਘਾਟ ਸੀ। ਲੋਕਾਂ ਨੂੰ ਫ਼ੋਨ ‘ਤੇ ਗੱਲ ਕਰਨ ਲਈ ਖੇਤਾਂ ਜਾਂ ਉੱਚੀ ਜ਼ਮੀਨ ‘ਤੇ ਜਾਣਾ ਪੈਂਦਾ ਸੀ। ਪਰ ਹੁਣ, ਉਹੀ ਪਿੰਡ ਮੁਫ਼ਤ ਵਾਈ-ਫਾਈ ਵਾਲਾ ਪਿੰਡ ਬਣ ਗਿਆ ਹੈ। ਇੱਥੇ ਪਾਸਵਰਡ ਵੀ ਕੰਧਾਂ ‘ਤੇ ਲਿਖੇ ਹੋਏ ਹਨ।

ਇਹ ਬਦਲਾਅ ਪਿੰਡ ਦੀ ਮਹਿਲਾ ਸਰਪੰਚ, ਸਰੋਜ ਕੁਮਾਰੀ ਦੀ ਦੂਰਦਰਸ਼ੀ ਸੋਚ ਅਤੇ ਸਖ਼ਤ ਮਿਹਨਤ ਦਾ ਨਤੀਜਾ ਹੈ। ਪਿੰਡ ਵਿੱਚ ਲਗਭਗ 150 ਘਰ ਮੁਫ਼ਤ ਇੰਟਰਨੈੱਟ ਦੀ ਵਰਤੋਂ ਕਰਦੇ ਹਨ।

ਇਹ ਪਿੰਡ ਹੁਣ ਪੰਜਾਬ ਦਾ ਪਹਿਲਾ ਪਿੰਡ ਬਣ ਗਿਆ ਹੈ ਜੋ ਪੂਰੀ ਤਰ੍ਹਾਂ ਮੁਫ਼ਤ ਵਾਈ-ਫਾਈ ਨਾਲ ਜੁੜਿਆ ਹੋਇਆ ਹੈ। ਕਈ ਹੋਰ ਸਰਪੰਚ ਹੁਣ ਸਰੋਜ ਕੁਮਾਰੀ ਨਾਲ ਸੰਪਰਕ ਕਰ ਰਹੇ ਹਨ ਅਤੇ ਆਪਣੇ ਪਿੰਡਾਂ ਵਿੱਚ ਇਸ ਮਾਡਲ ਨੂੰ ਅਪਣਾਉਣ ਦੀ ਤਿਆਰੀ ਕਰ ਰਹੇ ਹਨ।

"ਇਕੁਐਲਿਟੀ ਐਂਡ ਜਸਟਿਸ"
ਪਟਿਆਲਾ 22 ਅਕਤੂਬਰ
INTERNATIONAL PAPER, 94636 01616
hardipchumber57@gmail.com

# "ਟੈਕਨੀਕਲ ਸਰਵਿਸ ਯੂਨੀਅਨ" ਦੀ ਆਪਸੀ ਫੁੱਟ ਦੇ ਸਿੱਟੇ ਕਿਹੋ ਜਿਹੇ ਹੋਣਗੇ?

ਇੰਜ:ਜਗਜੀਤ ਸਿੰਘ ਕੰਡਾ
ਕੋਟਕਪੂਰਾ
ਮੋਬਾਇਲ 9646200468



ਅੱਜ ਪੂਰੇ ਭਾਰਤ ਦੇਸ਼ ਦੇ ਕਿਸੇ ਵੀ ਰਾਜ ਵਿੱਚ ਕਾਮਰੇਡਾਂ ਦੀ ਸਰਕਾਰ ਨਹੀਂ ਹੈ। ਪ੍ਰੰਤੂ ਫਿਰ ਵੀ ਅੱਜ ਦੇ ਕਈ ਕਾਮਰੇਡ ਆਪਣੇ ਢਿੱਡ ਵਿੱਚ ਭਰਮ ਪਾਲੀ ਬੈਠੇ ਹਨ ਕਿ ਓਹ ਵੇਲਾ ਦੂਰ ਨਹੀਂ ਜਦ ਦੇਸ਼ ਦੀ ਸੱਤਾ ਸਾਡੇ ਹੱਥਾਂ ਵਿੱਚ ਹੋਵੇਗੀ। ਇਹ ਸੁਪਨਾ ਕਾਮਰੇਡ ਖੁੱਲੀਆਂ ਅੱਖਾਂ ਨਾਲ ਦੇਖ ਰਹੇ ਹਨ। ਵੈਸੇ ਤਾਂ ਹੁਣ ਕਾਮਰੇਡੀ ਲਹਿਰ ਵੈਂਟੀਲੇਟਰ ਤੇ ਹੈ। ਬਚੇ-ਖੁਚੇ ਕਾਮਰੇਡ ਆਪਸ ਵਿੱਚ ਉਲਝ ਕੇ ਇੱਕ ਦੂਜੇ ਦੀ ਮਿੱਟੀ ਪੱਟਣ ਲੱਗੇ ਹੋਏ ਹਨ। ਅੰਦਰੂਨੀ ਗੱਲਾਂ ਨੂੰ ਅਖਬਾਰਾਂ ਵਿੱਚ ਉਜਾਗਰ ਕੀਤਾ ਜਾ ਰਿਹਾ ਹੈ।

ਸਾਡੇ ਬਿਜਲੀ ਬੋਰਡ ਹੁਣ ਪਾਵਰ ਕਾਮ ਤੇ ਟਰਾਂਸਕੋ ਵਿੱਚ ਵੀ ਇਹਨਾਂ ਕਾਮਰੇਡਾਂ ਦੀਆਂ ਇਕਾਈਆਂ ਦੇ ਤੌਰ ਤੇ ਜੱਥੇਬੰਦਕ ਢਾਂਚਾ ਲੰਬੇ ਸਮੇਂ ਤੋਂ ਚੱਲਦਾ ਆ ਰਿਹਾ ਹੈ। ਅਸਲ ਵਿੱਚ ਮੁਲਾਜ਼ਮ ਲਹਿਰ ਸਿਆਸਤ ਤੋਂ ਪ੍ਰੇਰਤ ਨਹੀਂ ਹੋਣੀ ਚਾਹੀਦੀ, ਨਿਰੋਲ ਹੋਣੀ ਚਾਹੀਦੀ ਹੈ। ਉਦੋਂ ਬਿਜਲੀ ਕਾਮਿਆਂ ਦਾ ਵੱਡਾ ਤਬਕਾ ਘੱਟ ਪੜ੍ਹਿਆ ਲਿਖਿਆ ਹੋਣ ਕਾਰਨ ਇਹਨਾਂ ਦੇ ਕਹੇ ਅਨੁਸਾਰ ਚੱਲਦਾ ਆਇਆ। ਪਰੰਤੂ ਅੱਜ ਅਜਿਹਾ ਨਹੀਂ ਹੈ। ਵੱਧ ਕਾਮੇ ਪੜ੍ਹੇ ਲਿਖੇ ਹਨ। ਕਾਮਰੇਡੀ ਅਸੂਲ ਮੁਤਾਬਕ ਜਨਤਕ ਸੰਘਰਸ਼ਾਂ ਰਾਹੀਂ ਸਰਕਾਰਾਂ ਤੇ ਮੈਨੇਜ਼ਮੈਂਟਾਂ ਨੂੰ ਝੁਕਾਇਆ ਜਾਂਦਾ ਹੈ। ਕੋਰਟ-ਕਚਿਹਰੀਆਂ ਤੇ ਕਾਮਰੇਡਾਂ ਦਾ ਵਿਸ਼ਵਾਸ ਨਹੀਂ ਖੜਦਾ ਜੋ ਇਹਨਾਂ ਦੇ ਅਸੂਲਾਂ ਦੇ ਵਿਰੁੱਧ ਹੈ।

ਪਤਾ ਨਹੀਂ ਕਿਉਂ ਅੱਜ ਦੇ ਕਾਮਰੇਡਾਂ ਨੂੰ ਜਾਂ ਤਾਂ ਆਪਣੇ ਆਪ ਤੇ ਵਿਸ਼ਵਾਸ ਨਹੀਂ ਰਿਹਾ ਜਾਂ ਹੋ ਸਕਦਾ ਉਹਨਾਂ ਦੇ ਜੱਥੇਬੰਦਕ ਢਾਂਚੇ ਵਿੱਚ ਮੁਲਾਜ਼ਮਾਂ ਦੀ ਨਫਰੀ ਅਸਲੋਂ ਘਟ ਗਈ ਹੈ। ਜਿਸ ਕਰਕੇ ਇੱਕ ਧਿਰ ਵੱਲੋਂ ਦੂਜੀ ਕਾਮਰੇਡਾਂ ਦੀ ਵੱਡੀ ਧਿਰ ਦੇ 11 ਚੋਟੀ ਦੇ ਲੀਡਰਾਂ ਵਿਰੁੱਧ ਜਲੰਧਰ ਦੀ ਮਾਨਯੋਗ ਕੋਰਟ ਵਿੱਚ ਇਸਤਗਾਸਾ ਦਾਇਰ ਕਰਕੇ ਸੰਮਣ ਜਾਰੀ ਕਰਵਾਏ ਹਨ। ਇਹੀ ਕਾਮਰੇਡ 49 ਨੰਬਰ ਦੇ ਸੰਬੰਧ ਵਿੱਚ ਜਦ ਭੰਗਲ ਅੱਡ ਹੋਇਆ ਤਾਂ ਉਦੋਂ ਵੀ ਮਾਨਯੋਗ ਕੋਰਟ ਵਿੱਚ ਗਏ ਹੁਣ ਵਿਗਿਆਨਕ ਗਰੁੱਪ ਨਾਲ ਵੀ 49 ਨੰਬਰ ਦੇ ਸੰਬੰਧ ਵਿੱਚ ਮਾਣਯੋਗ ਅਦਾਲਤ ਵਿੱਚ ਇਸਤਗਾਸਾ ਦਾਇਰ ਕੀਤਾ ਹੈ। ਅਖੀਰ ਸਾਰੇ ਕਾਮਰੇਡ ਜਾਂਦੇ ਮਾਨਯੋਗ ਕੋਰਟ ਵਿੱਚ ਹੀ ਆ। ਦੂਜੀ ਧਿਰ ਵੱਲੋਂ ਇਹਨਾਂ ਦੀਆਂ ਵਧੀਕੀਆਂ ਦੇ ਵਿਰੁੱਧ ਆਵਾਜ਼ ਬੁਲੰਦ ਕਰਕੇ ਰਜਿਸਟਰਡ 49 ਟਰੇਡ ਯੂਨੀਅਨ ਐਕਟ 1926 ਦੇ ਅੰਦਰ ਆਪਣਾ ਵੱਖਰਾ ਧੜਾ ਜੋ ਪਹਿਲਾਂ ਤੋਂ ਹੀ ਕੰਮ ਕਰਦਾ ਆ ਰਿਹਾ ਹੈ ਨੂੰ ਇਕੱਠਾ ਕਰਕੇ ਥੱਲੇ ਸਬ-ਡਵੀਜਨਾਂ ਤੋਂ ਲੈਕੇ ਉੱਪਰ ਜੋਨਾਂ ਤੱਕ ਚੋਣਾਂ ਕਰਕੇ ਮਿਤੀ:- 04-10-2025 ਨੂੰ ਜਲੰਧਰ ਵਿਖੇ ਵੱਡਾ ਇਕੱਠ ਕਰਕੇ ਆਪਣੀ ਸੂਬਾ ਕਮੇਟੀ ਵੀ ਚੁਣ ਲਈ ਹੈ। ਇਸ ਧੜੇ ਨੇ ਪਿਛਲੇ ਸਮੇਂ ਵਿੱਚ ਚੱਲੇ ਸੰਘਰਸ਼ ਵਿੱਚ ਯੋਗਦਾਨ ਪਾਉਣ ਲਈ ਜੁਆਇੰਟ ਫੋਰਮ ਤੇ ਏਕਤਾ ਮੰਚ ਨੂੰ ਆਪਣੀ 4000 ਤੋਂ ਵੱਧ ਮੈਂਬਰਾਂ ਦੀ ਮੈਂਬਰਸ਼ਿਪ ਦੀ ਵੱਡੀ ਤਾਕਤ ਜੱਗ ਜ਼ਾਹਰ ਕਰਕੇ ਸ਼ਰੀਕ ਹੋਣ ਦਾ ਸਬੂਤ ਪੇਸ਼ ਕੀਤਾ ਸੀ।

ਇਹ ਪੇਸ਼ਕਾਰੀ ਸ਼ਰੀਕਾਂ ਦੇ ਕਾਲਜੇ ਚੀਰ ਗਈ ਤੇ ਉਹਨਾਂ ਨੇ ਇਸ ਵੱਧਦੀ ਤਾਕਤ ਤੇ ਆਪਣੇ ਰੇਤ ਦੇ ਮਹਿਲ ਨੂੰ ਬਚਾਉਣ ਲਈ ਕੋਰਟ

ਕੇਸ ਵਰਗੇ ਹੱਥ ਕੰਡੇ ਅਪਣਾਉਣੇ ਸ਼ੁਰੂ ਕਰ ਦਿੱਤੇ। ਦੂਜੇ ਪਾਸੇ ਵਿਗਿਆਨਿਕ ਧੜੇ ਨੇ ਆਪਣਾ ਕੱਦ ਹੋਰ ਤੇਜ਼ੀ ਨਾਲ ਵੱਡਾ ਕਰਨਾ ਸ਼ੁਰੂ ਕਰ ਦਿੱਤਾ ਜੋ ਪੂਰ ਵੀ ਚੜ੍ਹਿਆ। ਸੱਤਾਧਾਰੀ ਧਿਰ ਵੱਲੋਂ ਬੋਖਲਾਹਟ ਵਿੱਚ ਆ ਕੇ ਨਵੇਂ-ਨਵੇਂ ਪੈਂਤੜੇ ਅਪਣਾਉਣੇ ਸ਼ੁਰੂ ਕੀਤੇ।04-10-2025 ਦਾ ਜਲੰਧਰ ਵਾਲਾ ਇਜਲਾਸ ਮਾਣਯੋਗ ਅਦਾਲਤ ਵੱਲੋਂ ਸਟੇਅ ਨਾ ਹੁੰਦਾ ਵੇਖ ਉਹਨਾਂ ਵੱਲੋਂ ਦੋ ਵਰਕੀ ਲੀਫਲੈਟ ਕੱਢਿਆ ਗਿਆ। ਜਿਸ ਵਿੱਚ ਅਕਲ ਦਾ ਜਨਾਜ਼ਾ ਸਾਫ਼ ਨਿਕਲਿਆ ਦਿਖਾਈ ਦਿੱਤਾ। ਜੀਹਨੂੰ ਨਹੀਂ ਪਤਾ ਲੱਗਾ ਸੀ ਕਿ ਸੱਤਾਧਾਰੀ ਧਿਰ ਕੋਲ ਵੱਡੀ ਮੈਂਬਰਸ਼ਿਪ ਨਹੀਂ ਰਹੀ ਉਹਨੂੰ ਵੀ ਜੱਗ ਜ਼ਾਹਿਰ ਹੋ ਗਿਆ। ਲੀਫਲੈਟ ਵਿੱਚ 9 ਜੁਲਾਈ 2025 ਦੀ ਦੇਸ਼ ਵਿਆਪੀ ਹੜਤਾਲ ਦਾ ਜ਼ਿਕਰ ਕੀਤਾ ਗਿਆ ਹੈ। ਇਸ ਹੜਤਾਲ ਨਾਲ ਪਾਵਰ ਕਾਮ ਤੇ ਟ੍ਰਾਂਸਕੋ ਦੇ ਕਾਮਿਆਂ ਦਾ ਦੂਰ ਦਾ ਵਾਹ ਵਾਸਤਾ ਨਹੀਂ ਹੈ। ਜੇਕਰ ਇਹ ਕਾਮਰੇਡ ਕਾਰਪੋਰੇਟ ਘਰਾਣਿਆਂ ਦੀ ਗੱਲ ਕਰਦੇ ਹਨ ਤਾਂ ਬਿਜਲੀ ਬੋਰਡ ਵਿੱਚ ਕਾਰਪੋਰੇਟ ਘਰਾਣਿਆਂ ਨੇ ਘੁੱਸਪੈਠ ਵੀ ਤਾਂ ਤੁਹਾਡੀਆਂ ਖੁੱਲੀਆਂ ਅੱਖਾਂ ਤੇ ਨੱਕ ਥੱਲੇ ਹੀ ਤੁਹਾਡੇ ਸਾਹਮਣੇ ਕੀਤੀ ਹੈ। ਉਦੋਂ ਤਾਂ ਬਿਜਲੀ ਬੋਰਡ ਵਿੱਚ ਤੁਹਾਡੀ ਕਾਮਰੇਡੀ ਦਾ ਹੀ ਬੋਲਬਾਲਾ ਸੀ। ਫਿਰ ਸਾਲ 2010 ਵਿੱਚ ਬਿਜਲੀ ਬੋਰਡ ਤੁਹਾਡੇ ਸਾਹਮਣੇ ਤੁਹਾਡੇ ਨੱਕ ਥੱਲੇ ਕਿਉਂ ਟੁੱਟਿਆ? ਕੀ ਉਦੋਂ ਤੁਸੀਂ ਸੁੱਤੇ ਹੋਏ ਸੀ। ਬਾਦਲ ਸਰਕਾਰ ਉਦੋਂ ਧੁਰ ਅੰਦਰੋਂ ਡਰੀ ਹੋਈ ਸੀ ਤੇ ਉਹਨੂੰ ਇਹ ਵੀ ਭੁਲੇਖਾ ਸੀ ਬਿਜਲੀ ਬੋਰਡ ਨਹੀਂ ਟੁੱਟਣਾ। ਜੱਥੇਬੰਦੀਆਂ ਤਾਕਤਵਰ ਹਨ। ਇਸ ਭੁਲੇਖੇ ਕਾਰਨ ਗੱਲਾਂ ਤਾਂ ਉਦੋਂ ਇਹ ਵੀ ਸੁਣਨ ਨੂੰ ਮਿਲ ਰਹੀਆਂ ਸਨ ਕਿ ਸਰਕਾਰ ਕਹਿੰਦੀ ਲੀਡਰੋ ਤੁਸੀਂ ਦੱਸੋ ਤੁਹਾਡੇ ਕਰਮਚਾਰੀਆਂ ਨੂੰ ਕਿੰਨੀਆਂ-ਕਿੰਨੀਆਂ ਇੰਨਕਰੀਮੈਂਟਾਂ ਲਾ ਦੇਈਏ। ਅਨਬੰਡਲਿੰਗ ਕਰਨ ਲਈ, ਬਸ ਤੁਸੀਂ ਸਿਰਫ਼ ਚੁੱਪ ਰਹੋ। ਅਸੀਂ ਉਦੋਂ ਵੀ ਕਿਹਾ ਸੀ ਕੀ ਹੜਤਾਲ ਦੇ ਦਿਨਾਂ ਦੀ ਨਹੀਂ ਅਣਮਿਥੇ ਸਮੇਂ ਦੀ ਦਿਓ, ਬਿਜਲੀ ਬੋਰਡ ਨਹੀਂ ਟੁੱਟੇਗਾ। ਪ੍ਰੰਤੂ ਤੁਹਾਡੀਆਂ ਲੱਤਾਂ ਨੇ ਉਦੋਂ ਭਾਰ ਨਹੀਂ ਝੱਲਿਆ ਜਾਂ ਅੰਦਰ ਦੀ ਗੱਲ ਕੁੱਝ ਹੋਰ ਸੀ। ਲੋਕ ਤਾਂ ਤੁਹਾਡੇ ਬਾਰੇ ਹੋਰ ਵੀ ਬੜ੍ਹਾ ਕੁੱਝ ਕਹਿੰਦੇ ਹਨ। ਖੈਰ!!

ਲੀਫਲੈਟ ਵਿੱਚ ਗੱਲ 11,12,13,14 ਅਗਸਤ ਦੀ ਹੜਤਾਲ ਦੀ ਕੀਤੀ ਗਈ ਹੈ। ਕੌਣ ਡਿਗਿਆ ਹੈ, ਕੌਣ ਉੱਠਿਆ ਹੈ, "ਯੇਹ ਜਨਤਾ ਹੈ, ਸਭ ਕੁੱਝ ਜਾਣਤੀ ਹੈ" ਜਨਾਬ!! ਇਹ ਸੰਘਰਸ਼ ਕਰਨਾ ਹੀ ਗਲਤ ਸੀ ਸਾਲ 2024 ਵਾਲੇ ਸੰਘਰਸ਼ ਨੂੰ ਹਜੇ ਕੁੱਝ ਕੁ ਮਹੀਨੇ ਤਾਂ ਬੀਤੇ ਸਨ। ਓਹ ਭਲਿਓ ਮਾਣਸੋ ਤੁਸੀਂ ਆਪਣੇ ਘਰ ਅੰਦਰਲੇ ਜੀਆਂ ਨੂੰ ਤਾਂ ਇੱਕ ਧਾਗੇ ਵਿੱਚ ਪਰ੍ਹੋ ਨਹੀਂ ਸਕੇ ਤੇ ਸਰਕਾਰ ਨਾਲ ਮੱਥਾ ਲਾਉਣ ਲਈ ਤਰਲੋ ਮੱਛੀ ਹੋ ਗਏ। ਜਦ ਕਿਸੇ ਨੇ ਬਾਹਰਲੇ ਮੁਲਖੋ ਸਰਕਾਰ ਤੇ ਮੈਨੇਜ਼ਮੈਂਟ ਨਾਲ ਮੀਟਿੰਗ ਤਹਿ ਕਰਵਾਈ, ਫਿਰ ਉਦੋਂ ਅੰਦਰ ਮੀਟਿੰਗ ਵਿੱਚ ਜਾਣ ਸਮੇਂ ਲੱਤਾਂ ਕੰਬੀ ਜਾਣ ਕਿ ਕਿਧਰੇ ਸਰਕਾਰ ਗ੍ਰਿਫਤਾਰੀਆਂ ਨਾ ਪਾਵਾ ਦੇਵੇ। ਕਈ ਤਾਂ ਡਰਦੇ ਮੀਟਿੰਗ ਵਿੱਚ ਹੀ ਨਹੀਂ ਗਏ। ਗ੍ਰਿਫਤਾਰੀਆਂ ਤਾਂ ਪੈਣੀਆਂ ਹੀ ਸਨ, ਜੇਕਰ ਕੈਨੇਡਾ ਵਾਲੇ ਦੀ ਗੱਲ ਨਾ ਮੰਨਦੇ। ਵਾਹ ਓਏ ਬੋਡੇ, ਜਿਸ ਦਿਨ ਦੇਸ਼ ਆਜ਼ਾਦ ਹੋਇਆ ਉਸ ਦਿਨ ਤੁਸੀਂ ਹੈਡਕੁਆਟਰਾਂ ਤੇ ਕਾਲੇ ਬਿੱਲੇ ਲਾ ਕੇ ਰੋਸ ਮਾਰਚ ਰੱਖਿਆ ਸੀ। ਇਹ ਕਿੱਧਰ ਦੀ ਸਿਆਣਪ ਸੀ। ਬਾਹਰਲੇ ਮੁਲਕ ਵਾਲਾ ਤੁਹਾਡੀ ਪੱਤ ਬਚਾ ਗਿਆ, ਨਹੀਂ ਤਾਂ ਕਈ ਸਾਲਾਂ ਲਈ ਬਿਜਲੀ ਬੋਰਡ ਦੇ ਜੱਥੇਬੰਦਕ ਢਾਂਚੇ ਨੂੰ ਤੁਸੀਂ ਸਸਤੇ ਭਾਅ ਖੁੰਜੇ ਲਵਾ ਦੇਣਾ ਸੀ। ਹਾਂ ਤੁਹਾਡਾ ਕੀ ਜਾਣਾ ਸੀ, ਤੁਸੀਂ ਤਾਂ ਭਲਾ ਰਿਟਾਇਰੀ ਜੁ ਹੋਏ।

ਹੁਣ ਜਦੋਂ ਮੌਜੂਦਾ ਸਰਕਾਰ ਦਾ ਕਿਸਾਨਾਂ ਦੀਆਂ ਜ਼ਮੀਨਾਂ ਕਾਰਪੋਰੇਟਾਂ ਹੱਥ ਸੌਂਪਣ ਦਾ ਸੁਪਨਾ ਟੁੱਟਿਆ ਤਾਂ ਕਿਸੇ ਨੇ ਸਰਕਾਰ ਦੇ ਕੰਨ ਵਿੱਚ ਫੂਕ ਮਾਰੀ ਓਧਰ ਨਹੀਂ ਤਾਂ ਐਧਰ ਸਹੀ। ਪਬਲਿਕ ਸੈਕਟਰ ਦੇ ਅਦਾਰਿਆਂ ਦੀਆਂ ਜ਼ਮੀਨਾਂ ਵੀ ਹਜ਼ਾਰਾਂ ਏਕੜ ਖਾਲੀ ਪਈਆਂ ਹਨ, ਉਹਨਾਂ ਤੇ ਮਹਾਂਭਾਰਤ ਖੇਡ ਲਓ। ਤਾਂ ਉਸਦੇ ਵਿਰੋਧ ਵਿੱਚ ਜੁਆਇੰਟ ਫੋਰਮ, ਏਕਤਾ ਮੰਚ ਤੇ ਗ੍ਰਿਡ ਸਬ ਸਟੇਸ਼ਨ ਇੰਮਪਲਾਈ ਯੂਨੀਅਨ ਨੇ ਪੈਨਸ਼ਨਰਾਂ ਨੂੰ ਨਾਲ ਲੈ ਕੇ ਸੰਘਰਸ਼ ਦੇ ਆਪਣੇ ਮੁਤਾਬਕ ਪ੍ਰੋਗਰਾਮ ਦਿੱਤੇ ਹਨ। ਦੂਜੇ ਪਾਸੇ ਹੁਣ ਟੈਕਨੀਕਲ ਸਰਵਿਸ ਯੂਨੀਅਨ ਰਜਿਸਟਰਡ 49 ਵਿੱਚੋਂ ਸ਼ਰੀਕ ਬਣ ਕੇ 4000 ਤੋਂ ਉੱਪਰ ਦੀ ਵੱਡੀ ਮੈਂਬਰਸ਼ਿਪ ਲੈ ਕੇ ਅੱਡ ਹੋਏ ਧੜ੍ਹੇ ਨੇ ਸੱਤ ਦੇ ਕਰੀਬ ਸਮੇਤ ਇੰਜਨੀਅਰ ਐਸੋਸ਼ੀਏਸ਼ਨ ਜੱਥੇਬੰਦੀਆਂ ਦਾ ਬਿਜਲੀ ਮੁਲਾਜ਼ਮ ਸੰਘਰਸ਼ਸ਼ੀਲ ਮੋਰਚਾ ਬਣਾ ਕੇ ਸਰਕਾਰ ਤੇ ਮੈਨੇਜ਼ਮੈਂਟ ਵਿਰੁੱਧ ਪਾਵਰ ਸੈਕਟਰ ਦੀਆਂ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਕੌਡੀਆਂ ਦੇ ਭਾਅ ਸਿੱਟਣ ਵਿਰੁੱਧ ਤਿੱਖੇ ਸੰਘਰਸ਼ ਦੀ ਚਿਤਾਵਨੀ ਦਿੱਤੀ ਹੈ। ਟੈਕਨੀਕਲ ਸਰਵਿਸ ਯੂਨੀਅਨ ਵਿੱਚੋਂ ਪਹਿਲਾਂ ਅੱਡ ਹੋਇਆ ਧੜਾ ਭੰਗਲ ਗਰੁੱਪ ਵੀ ਆਉਣ ਵਾਲੇ ਦਿਨਾਂ ਵਿੱਚ ਆਪਣਾ ਸੰਘਰਸ਼ ਬਾਰੇ ਸਟੈਂਡ ਸਪੱਸ਼ਟ ਕਰ ਦੇਵੇਗਾ। ਰਹਿੰਦੀ ਕਸਰ ਬਾਕੀ ਬਚੇ ਸਾਰੇ ਧੜੇ ਆਪੋ ਆਪਣੀ ਡਫਲੀ ਵਜਾ ਕੇ ਪੂਰੀ ਕਰ ਦੇਣਗੇ। ਇੱਥੇ ਹਰ ਕੋਈ ਵਿੰਗ ਆਪੋ-ਆਪਣੀ ਢਾਈ ਪਾਅ ਖਿਚੜੀ ਪਕਾ ਰਿਹਾ ਹੈ। ਹੁਣ ਸਵਾਲ ਪੈਦਾ ਹੋ ਗਿਆ ਕਿ, ਕੀ ਇਹ ਸਾਰੇ ਧੜੇ ਜਿਨ੍ਹਾਂ ਦੇ ਮੂੰਹ ਚਾਰੇ ਦਿਸ਼ਾਵਾਂ ਵੱਲ ਹਨ ਬਿਜਲੀ ਨਿਗਮ ਦੇ ਇਸ ਪਬਲਿਕ ਸੈਕਟਰ ਵਾਲੇ ਅਦਾਰੇ ਦੀਆਂ ਜ਼ਮੀਨਾਂ ਵਿਕਣੋ ਬਚਾ ਸਕਣਗੇ? ਇਸ ਦਾ ਉੱਤਰ ਸਮੇਂ ਦੇ ਗਰਭ ਵਿੱਚ ਛੁਪਿਆ ਹੋਇਆ ਹੈ। ਅਗਲੀ ਗੱਲ ਕੀ ਇਹ ਸਾਰੇ ਭਾਵ ਟੀਐਸਯੂ ਦੇ ਧੜੇ ਇੱਕ ਹੋ ਸਕਦੇ ਹਨ? ਜੇਕਰ ਇੱਕ ਹੋਣਾ ਹੀ ਸੀ ਤਾਂ ਟੁੱਟੇ ਕਿਉਂ? ਲੋਕਾਂ ਨੂੰ ਮੂਰਖ ਬਣਾਉਣਾ ਛੱਡੋ ਟਾਹਰਾ ਮਾਰਦੇ ਹੋ 11,12,13,14 ਵਾਲੀ ਸਫਲ ਹੜਤਾਲ ਦੀਆਂ ਪ੍ਰਾਪਤੀਆਂ! ਉਹ ਭਲੇ ਮਾਣਸੋ ਪ੍ਰਾਪਤੀਆਂ ਤਾਂ ਲੋਕਾਂ ਨੂੰ ਪੁੱਛੋ, ਲੋਕ ਦੱਸਣਗੇ ਪ੍ਰਾਪਤੀਆਂ ਕੀ ਹੁੰਦੀਆਂ ਹਨ? ਉਹ ਤਾਂ ਤੁਹਾਨੂੰ ਕਮੈਂਟਾਂ ਵਿੱਚ ਘਟੀਆ ਦਰਜੇ ਦੀ ਸ਼ਬਦਾਵਲੀ ਨਾਲ ਭੰਡ ਰਹੇ ਹਨ ਤੇ ਤੁਸੀਂ ਖੁਸ਼ ਹੋ ਰਹੇ ਹੋ। ਬਿਜਲੀ ਨਿਗਮ ਦੀਆਂ ਸਾਰੀਆਂ ਜੱਥੇਬੰਦਕ ਧਿਰਾਂ ਵੱਲੋਂ ਵੱਖੋ-ਵੱਖਰੇ ਰਾਗ ਅਲਾਪਣ ਭਾਵ ਦਿੱਤੇ ਸੰਘਰਸ਼ਾਂ ਦੇ ਪ੍ਰੋਗਰਾਮਾਂ ਬਾਰੇ ਬੀਤੇ ਸਮੇਂ ਦੇ ਕੁੱਝ ਤੱਥ ਪੇਸ਼ ਹਨ ਜਿਨਾਂ ਨੂੰ ਨਕਾਰਿਆ ਨਹੀਂ ਜਾ ਸਕਦਾ।

ਸਾਡੇ ਆਪਸੀ ਫੁੱਟ ਦੇ ਨਤੀਜਿਆਂ ਦੇ ਤਹਿਤ ਹੁਣ ਤੱਕ ਅਸੀਂ ਉਸ ਪੁਰਾਣੀ ਕਹਾਵਤ ਨੂੰ ਸੱਚ ਕਰ ਦਿਖਾਇਆ ਹੈ, ਕਿ ਘਰ ਦੀ ਫੁੱਟ, ਲੋਕਾਂ ਦੀ ਲੁੱਟ, ਵਾਕਿਆ ਹੀ ਅਸੀਂ ਆਪਸੀ ਪਾਟੋਧਾੜ ਕਾਰਨ ਮਿਲਣ ਵਾਲਾ ਬਹੁਤ ਕੁੱਝ ਪ੍ਰਧਾਨਗੀਆਂ ਨਾ ਛੱਡਣ ਦੀ ਭੇਂਟ ਚੜ੍ਹਾ ਦਿੱਤਾ ਹੈ।ਮੈਂ ਦੇਖਿਆ ਕਿ ਬਿਜਲੀ ਮੁਲਾਜ਼ਮਾਂ ਨੂੰ ਪਹਿਲਾਂ ਪੇ-ਕਮਿਸ਼ਨ ਦੇ ਸਕੇਲ ਵੱਖਰੇ ਤੌਰ ਤੇ ਵੱਧ ਮਿਲਦੇ ਸਨ। ਸਾਡੀ ਫੁੱਟ ਕਾਰਣ ਉਨ੍ਹਾਂ ਤੋਂ ਹੱਥ ਧੋਣੇ ਪੈ ਗਏ ਹਨ। ਪੁਰਾਣੀ ਬਿਜਲੀ ਬੋਰਡ ਵਾਲੀ ਭਰਤੀ ਤੋਂ ਮਹਿਕਮਾਂ ਅੱਜ ਖਹਿੜਾ ਛੁਡਾਉਣ ਵਾਲੇ ਪਾਸੇ ਤੁਰ ਪਿਆ ਹੈ। ਸਾਡੀ ਆਪਸੀ ਫੁੱਟ ਦੇ ਨਤੀਜੇ ਹੋਰ ਵੀ ਭਿਆਨਕ ਰੂਪ ਧਾਰਨ ਕਰਨਗੇ, ਕਿਉਂਕਿ ਆਉਣ ਵਾਲੇ ਸਮੇਂ ਵਿੱਚ ਪੈਨਸ਼ਨਰਾਂ ਨੂੰ ਵੀ ਇਸ ਦਾ ਸੰਤਾਪ ਭੋਗਣਾ ਪੈ ਸਕਦਾ ਹੈ।ਸਾਡੀਆਂ ਜੱਥੇਬੰਦੀਆਂ ਦੀ ਆਪਸੀ ਹੈਂਕੜਬਾਜ਼ੀ ਕਾਰਨ ਅਸੀਂ ਕਈ ਅਹਿਮ ਸਹੂਲਤਾਂ ਤੋਂ ਵੀ ਹੱਥ ਧੋ ਚੁਕੇ ਹਾਂ। ਜਿਵੇਂ ਬੋਰਡ ਕਰਮਚਾਰੀ ਦਾ ਆਪਣੇ ਪਰਿਵਾਰ ਲਈ ਭਰਤੀ ਦਾ ਕੋਟਾ, ਨਵੀਂ ਭਰਤੀ ਨੂੰ ਪੈਨਸ਼ਨ ਨਾ ਦੇਣਾ, ਤੇ ਬਿਜਲੀ ਯੂਨੀਟਾਂ ਦੀ ਰਿਆਇਤ ਵੀ ਸਾਡੀ ਨਵੀਂ ਭਰਤੀ ਤੋਂ ਖੋਹ ਲਈ ਗਈ ਹੈ। ਜਿਸ ਤਰ੍ਹਾਂ ਸੈਂਟਰ ਸਰਕਾਰ ਨੇ ਮੈਡੀਕਲ ਰੀਬਰਸਮੈਂਟ ਤੇ ਵੀ ਇੰਨਕਮ ਟੈਕਸ ਥੋਪ ਦਿੱਤਾ ਹੈ ਬਿਜਲੀ ਐਕਟ 2003 ਅਨੁਸਾਰ ਅਤੇ ਇਸ ਵਿੱਚ ਸੋਧ ਕਰਕੇ ਵੱਡੀ ਪੱਧਰ ਤੇ ਸਰਕਾਰਾਂ ਕਾਰਪੋਰੇਟ ਘਰਾਣਿਆਂ ਨੂੰ ਧੜਾਧੜ ਰੁਜ਼ਗਾਰ ਮੁਖੀ ਅਦਾਰੇ ਸੌਂਪ ਰਹੀਆਂ ਹਨ। ਇਸਤੋਂ ਇਹ ਜਾਪਦਾ ਹੈ ਕਿ ਆਉਣ ਵਾਲੇ ਸਮੇਂ ਵਿਚ ਸਾਡੀ ਮੈਡੀਕਲ ਸਹੂਲਤ ਤੇ ਬਾਜ਼ ਅੱਖ ਰੱਖ ਕੇ ਬੰਦ ਕਰਨ ਲਈ ਅੰਦਰੋਂ-ਅੰਦਰੀਂ ਖਿਚੜੀ ਪਕਾਈ ਜਾ ਰਹੀ ਹੈ। ਕਿਉਂਕਿ ਪਹਿਲਾਂ ਬਹੱਤਰ ਦੇ ਕਰੀਬ ਮਿਲਦੇ ਭੱਤਿਆਂ ਨੂੰ ਕੱਟ ਲਾ ਕੇ ਘਟਾ ਦਿੱਤਾ ਹੈ। ਜਿੰਨੇ ਹੀ ਵੱਧ ਸਕੇਲ ਹੁੰਦੇ ਸੀ, ਉਹ ਘੱਟ ਕੈਟੇਗਰੀਆਂ ਬਣਾ ਦਿੱਤੀਆਂ ਹਨ। ਸੈਂਟਰ ਦੇ ਸਕੇਲਾਂ ਨੂੰ ਪੰਜਾਬ ਵਿੱਚ ਲਾਗੂ ਕਰਨ ਲਈ ਅੱਜ ਸਾਡੀ ਆਪਸੀ ਫੁੱਟ ਦੇ ਨਤੀਜਿਆਂ ਦੇ ਰਿਜ਼ਲਟ ਹਨ। ਇਵੇਂ ਹੀ ਯੋਗਤਾ ਅਨੁਸਾਰ ਪਹਿਲਾਂ ਕੀਤੀ ਜਾਂਦੀ ਭਰਤੀ ਆਈ.ਟੀ.ਆਈ. ਹੋਲਡਰ ਨੂੰ ਲਾਇਨਮੈਨ ਭਰਤੀ ਕੀਤਾ ਜਾਂਦਾ ਸੀ। ਹੁਣ ਇੱਕ ਦਰਜ਼ਾ ਘਟਾ ਕੇ ਆਈ.ਟੀ.ਆਈ. ਹੋਲਡਰ ਨੂੰ ਸਹਾਇਕ ਲਾਇਨਮੈਨ ਭਰਤੀ ਕੀਤਾ ਜਾ ਰਿਹਾ ਹੈ। ਇਹ ਸਾਡੀ ਆਪਸੀ ਫੁੱਟ ਦੀਆਂ ਪ੍ਰਾਪਤੀਆਂ ਵਿੱਚੋਂ ਅਹਿਮ ਇੱਕ ਹੈ।

ਸਾਡੀਆਂ ਆਪਸੀ ਦੂਰੀਆਂ ਕਰਕੇ ਹੀ ਸਰਕਾਰੀ ਥਰਮਲ ਪਲਾਂਟਾਂ ਨੂੰ ਕਾਰਪੋਰੇਸ਼ਨਾਂ ਤੇ ਸਰਕਾਰਾਂ ਨੇ ਬੰਦ ਕਰਕੇ ਕੌਡੀਆਂ ਦੇ ਭਾਅ ਵੇਚਣ ਲਈ ਕਮਰਕੱਸੇ ਕਸ ਲਏ ਹਨ, ਤੇ ਹੋਰ ਅੱਗੇ ਰੋਪੜ ਤੇ ਲਹਿਰਾ ਮੁਹੱਬਤ ਥਰਮਲ ਪਲਾਂਟਾਂ ਨੂੰ ਜਿੰਦੇ ਲਾਉਣ ਦੇ ਆਸਾਰ ਨਜ਼ਰ ਆਉਣੇ ਸ਼ੁਰੂ ਹੋ ਗਏ ਹਨ। ਬਠਿੰਡਾ ਥਰਮਲ ਨੂੰ ਢਾਹ ਕੇ ਉਹਦੀ ਸੈਂਕੜੇ ਏਕੜ ਜ਼ਮੀਨ ਨੂੰ ਸਰਕਾਰ ਕੌਡੀਆਂ ਦੇ ਭਾਗ ਕਾਰਪੋਰੇਟ ਘਰਾਣਿਆਂ ਨੂੰ ਸੌਂਪਣ ਲਈ ਤਰਲੋ ਮੱਛੀ ਹੋਈ ਪਈ ਹੈ। ਹੁਣ ਤਾਂ ਮੈਨੇਜ਼ਮੈਂਟਾਂ ਤੇ ਸਰਕਾਰਾਂ ਦੇ ਹੌਂਸਲੇ ਸਾਡੀ ਆਪਸੀ ਫੁੱਟ ਕਾਰਨ ਏਨੇ ਬੁਲੰਦ ਹੋ ਗਏ ਹਨ, ਕਿ ਉਨ੍ਹਾਂ ਨੂੰ ਪਤਾ ਲੱਗ ਚੁੱਕਾ ਹੈ ਕਿ ਵਿਰੋਧੀ ਮੰਤਰੇ ਦੀ ਨਿਆਈ ਹੈ। ਜੇਕਰ ਕੋਈ ਵਿਰੋਧ ਕਰੇਗਾ ਤਾਂ ਉਹ ਭਲੀਭਾਂਤ ਜਾਣੂ ਹਨ ਕਿ ਇਹ ਵਿਰੋਧ ਸਿਰਫ਼ ਆਪਣੀ ਹੋਂਦ ਕਾਇਮ ਰੱਖਣ ਲਈ ਮਾਰੀ ਫੋਕੀ ਬੜਕ ਹੀ ਹੈ। ਇਸ ਦਾ ਮੁੱਖ ਕਾਰਨ ਇਹ ਵੀ ਹੈ ਕਿ ਟ੍ਰੇਡ ਜੱਥੇਬੰਦੀਆਂ ਦੀ ਸਾਂਝ ਸਿਆਸੀ ਪਾਰਟੀਆਂ ਨਾਲ ਵੀ ਹੈ। ਕਿਉਂਕਿ ਉਹ ਸਾਰੀਆਂ ਸਿਆਸੀ ਧਿਰਾਂ ਚਾਹੁੰਦੀਆਂ ਹਨ ਕਿ ਵੱਖ-ਵੱਖ ਮਹਿਕਮਿਆਂ ਵਿੱਚ ਉਨ੍ਹਾਂ ਦੀਆਂ ਧਿਰਾਂ ਕਾਇਮ ਹੋਣ ਤੇ ਬੋਲਬਾਲਾ ਹੋਵੇ। ਵਾਸਤਵ ਵਿੱਚ ਅਜਿਹਾ ਹੀ ਹੋ ਰਿਹਾ ਹੈ। ਕਿਸੇ ਸਮੇਂ ਸਾਡੀਆਂ ਜੱਥੇਬੰਦੀਆਂ ਇੱਕ ਅਦਾਰਾ, ਇੱਕ ਯੂਨੀਅਨ, ਦਾ ਨਾਅਰਾ ਮਾਰਦੀਆਂ ਸਨ। ਪਰ ਸਿਆਸੀ ਧਿਰਾਂ ਨੇ ਆਪਣੇ ਵਿੰਗ ਬਣਾ ਕੇ ਬਿਜਲੀ ਕਾਰਪੋਰੇਸ਼ਨਾਂ ਅੰਦਰ ਸਾਨੂੰ ਧੜ੍ਹਿਆਂ ਵਿਚ ਵੰਡ ਕੇ, ਸਾਡੀ ਆਪਸੀ ਫੁੱਟ ਨੂੰ ਹੋਰ ਗੂੜ੍ਹਾ ਕੀਤਾ ਹੈ। ਜਿਸ ਕਰਕੇ ਹਰ ਕੋਈ ਆਪਣੀ ਢਾਈ ਪਾ ਖਿੱਚੜੀ ਅੱਡ ਪਕਾਉਣ ਵਿੱਚ ਮਸਤ ਹੈ। ਮੁਲਾਜ਼ਮ ਚਾਹੇ ਢੱਠੇ ਖੂਹ ਵਿੱਚ ਜਾਣ ਸਾਡੀ ਹੋਂਦ ਕਾਇਮ ਹੋ ਗਈ ਹੈ। ਸਿੱਟੇ ਵਜੋਂ ਪੰਜਾਬ ਦੀ ਟਰੇਡ ਯੂਨੀਅਨ ਲਹਿਰ ਅੱਜ ਲੱਗਭਗ ਸਾਰੇ ਅਦਾਰਿਆਂ ਵਿੱਚੋਂ ਖ਼ਤਮ ਹੋਣ ਕਿਨਾਰੇ ਜਾ ਪਹੁੰਚੀ ਹੈ। ਇਸ ਦਾ ਨਤੀਜਾ ਅੱਜ ਬਿਲਕੁੱਲ ਸਾਹਮਣੇ ਹੈ। ਪੰਜਾਬ ਵਿੱਚ ਖੇਤੀ ਕਾਨੂੰਨਾਂ ਵਿਰੁੱਧ ਇਕੱਤੀ ਦੇ ਕਰੀਬ ਕਿਸਾਨ ਜੱਥੇਬੰਦੀਆਂ ਸੰਘਰਸ਼ ਦੇ ਰਾਹ ਪਈਆਂ ਹਨ। ਇਕੱਤੀ ਕਿਉਂ? ਇੱਕ ਹੀ ਹੋਣੀ ਚਾਹੀਦੀ ਸੀ।ਅਜਿਹਾ ਕਿਉਂ ਹੈ ਰੱਬ ਹੀ ਜਾਣਦਾ ਹੈ। ਇਹੀ ਹਾਲ ਸਾਡੇ ਬਿਜਲੀ ਮਹਿਕਮੇ ਦਾ ਹੈ। ਇੱਕ ਅਦਾਰਾ, ਇੱਕ ਯੂਨੀਅਨ, ਦੀ ਜਗ੍ਹਾ ਸਿਆਸੀ ਧਿਰਾਂ ਨੇ ਸਾਨੂੰ ਵੰਡ ਕੇ ਆਪਣੇ ਵਿੰਗ ਖੜ੍ਹੇ ਕੀਤੇ ਹਨ। ਕਿਸੇ ਮਗਰ ਪੰਜ ਤੇ ਕਿਸੇ ਮਗਰ ਪੰਜਾਹ ਬੰਦੇ, ਸਭ ਆਪੋ ਆਪਣੇ ਰਾਗ ਅਲਾਪਣ ਵਿੱਚ ਮਸਤ ਹਨ। ਜਿਸ ਦੇ ਨਤੀਜੇ ਵਜੋਂ ਪਿਛਲੇ ਸਮੇਂ ਦੌਰਾਨ ਸਾਨੂੰ ਸਾਡੀਆਂ ਤਨਖਾਹਾਂ ਲੈਣ ਲਈ ਵੀ ਧਰਨਿਆਂ ਦਾ ਸਹਾਰਾ ਲੈਣਾ ਪਿਆ ਸੀ। ਜੇਕਰ ਨਿਰੋਲ ਮੁਲਾਜ਼ਮ ਹਿੱਤਾਂ ਦੀ ਗੱਲ ਕਰਨ ਵਾਲੀਆਂ ਜੱਥੇਬੰਦੀਆਂ ਹੁੰਦੀਆਂ ਤਾਂ ਫਿਰ ਹਾਲਾਤ ਇਹੋ ਜਿਹੇ ਨਹੀਂ ਹੋਣੇ ਸਨ। ਨਾ ਮੁਲਾਜ਼ਮਾਂ ਦੇ ਤੇ ਨਾ ਹੀ ਮਹਿਕਮਿਆਂ ਦੇ। ਨਿੱਜੀ ਸਿਆਸਤ ਚਾਹੇ ਕੋਈ ਸੌ ਵਾਰੀ ਰੱਖੇ।

ਜੱਥੇਬੰਦੀਆਂ ਦੀ ਆਪਸੀ ਫੁੱਟ ਕਾਰਨ ਅੱਜ ਨਵੀਂ ਭਰਤੀ ਨੂੰ ਤਿੰਨ ਸਾਲ ਨਾ-ਮਾਤਰ ਗੁਜ਼ਾਰਾ ਭੱਤਾ ਦੇ ਕੇ ਸ਼ਰੇਆਮ, ਸਰਕਾਰ ਵੱਲੋਂ ਸਾਡਾ ਆਰਥਿਕ ਸ਼ੋਸ਼ਣ ਕੀਤਾ ਜਾ ਰਿਹਾ ਹੈ। ਇਹ ਸਾਡੀ ਧੜੇਬੰਦੀ ਦੀ ਕਮਜ਼ੋਰੀ ਦਾ ਧਾਕੜ ਨਤੀਜਾ ਹੈ।ਪੈਸਕੋ ਕੰਪਨੀ ਪੰਜਾਬ ਵਿੱਚ ਵੱਖ-ਵੱਖ ਪ੍ਰਾਈਵੇਟ ਫਰਮਾਂ ਨੂੰ ਫੌਜ ਵਿੱਚੋਂ ਰਿਟਾਇਰ ਕਰਮਚਾਰੀਆਂ ਨੂੰ ਰੁਜ਼ਗਾਰ ਦੇਣ ਤਹਿਤ ਸਿਕਿਉਰਟੀ ਗਾਰਡ ਸਪਲਾਈ ਕਰਦੀ ਸੀ। ਜੋ ਅੱਜ ਬਿਜਲੀ ਕਾਰਪੋਰੇਸ਼ਨਾਂ ਵਿੱਚ ਬਹੁਤ ਹੀ ਰਿਸਕੀ ਪੋਸਟਾਂ ਤੇ ਮਹਿੰਗੇ ਯੰਤਰਾ ਨੂੰ ਚਲਾਉਣ ਲਈ, ਭਾਵ ਕਰੋੜਾਂ ਅਰਬਾਂ ਰੁਪਏ ਨਾਲ ਬਣੇ ਬਿਜਲੀ ਘਰਾਂ ਨੂੰ ਚਲਾਉਣ ਲਈ, ਬਹੁਤ ਘੱਟ ਡੀਸੀ ਰੇਟਾਂ ਤੇ ਟੈਕਨੀਕਲ ਕਾਮਿਆਂ ਤੇ ਹੋਰ ਕੈਟੇਗਰੀਆਂ ਵਿੱਚ ਮੁਲਾਜ਼ਮ ਸਪਲਾਈ ਕਰਕੇ, ਸਾਡੀ ਪੜ੍ਹੀ-ਲਿਖੀ ਨੌਜੁਆਨ ਪੀੜ੍ਹੀ ਦਾ ਹੋ ਰਿਹਾ ਆਰਥਿਕ ਸ਼ੋਸ਼ਣ ਵੀ ਸਾਡੀ ਪਾਟੋਧਾੜ ਦਾ ਹੀ ਨਤੀਜਾ ਹੈ। ਮੌਜੂਦਾ ਸਮੇਂ ਦੌਰਾਨ ਬਿਜਲੀ ਮਹਿਕਮੇ ਵਿੱਚ ਵਧੀ ਰਿਸ਼ਵਤਖੋਰੀ ਵੀ ਸਾਡੀਆਂ ਆਪਸੀ ਦੂਰੀਆਂ ਦਾ ਹੀ ਸਿੱਟਾ ਹੈ। ਪਿਛਲੇ ਲੰਬੇ ਸਮੇਂ ਤੋਂ ਸਾਰੀਆਂ ਜੱਥੇਬੰਦੀਆਂ ਨੇ ਮੁਲਾਜ਼ਮਾਂ ਨੂੰ ਲੈਕੇ ਕੀ ਦਿੱਤਾ, ਇਹ ਜੱਗ ਜ਼ਾਹਿਰ ਹੈ। ਪਰ ਸਾਡੇ ਵੱਡੇ ਲੀਡਰ ਟਾਹਰਾ ਮਾਰਨ ਤੋਂ ਬਿਲਕੁੱਲ ਵੀ ਪਾਸਾ ਨਹੀਂ ਵੱਟਦੇ। ਨੱਕ ਦਾ ਸਵਾਲ ਬਣਾਕੇ ਹੜਤਾਲ ਦੀ ਕਾਲ ਦਿੰਦੇ ਹਨ, ਉਹ ਭਲੀਭਾਂਤ ਜਾਣਦੇ ਹਨ ਕਿ ਇਹ ਬ੍ਰਹਮ ਅਸਤਰ ਹੁਣ ਫੇਲ ਹੋ ਚੁੱਕਾ ਹੈ। ਪਰ ਫਿਰ ਵੀ ਇਸ ਨੂੰ ਪਤਾ ਨਹੀਂ ਕਿਉਂ ਵਰਤਿਆ ਜਾਂਦਾ ਹੈ। ਹੜਤਾਲ ਦਾ ਮਤਲਬ ਹੈ, ਉਸ ਮਹਿਕਮੇ ਦਾ ਸਾਰਾ ਕੰਮ ਕਾਜ ਠੱਪ। ਭਾਵ ਪੰਜਾਬ ਵਿੱਚ ਬਿਜਲੀ ਪੱਖੋਂ ਹਨੇਰਾ, ਪਰ ਅਜਿਹਾ ਹੁੰਦਾ ਨਹੀਂ ਹੈ। ਸਾਡੀਆਂ ਜੱਥੇਬੰਦੀਆਂ ਨੂੰ ਹੜਤਾਲ ਦੀ ਕਾਲ ਦੇਣੀ ਹੀ ਨਹੀਂ ਚਾਹੀਦੀ, ਕਿਉਂ? ਪਹਿਲਾਂ ਸਾਰੇ ਬਿਜਲੀ ਮੁਲਾਜ਼ਮਾਂ ਨੂੰ ਇੱਕ ਝੰਡੇ ਥੱਲੇ ਲਾਮਬੰਦ ਕਰਕੇ ਸਾਰੇ ਧੜ੍ਹਿਆਂ ਤੇ ਕੇਡਰਾ ਤੋਂ ਬਣੀਆਂ ਜੱਥੇਬੰਦੀਆਂ ਨੂੰ ਇੱਕ ਕਰਕੇ ਇੱਕ ਅਦਾਰਾ, ਇੱਕ ਯੂਨੀਅਨ, ਵਾਲੇ ਕਲਚਰ ਨੂੰ ਲਾਗੂ ਕਰਕੇ ਪਹਿਰਾ ਦਿੱਤਾ ਜਾਵੇ, ਤਾਂ ਸੱਚ ਜਾਣਿਓ ਬਿਜਲੀ ਮੁਲਾਜ਼ਮਾਂ ਦੀਆਂ ਮੰਗਾਂ ਮੁਸ਼ਕਲਾਂ ਅਗਲੇ ਹੀ ਪਲ ਗਧੇ ਦੇ ਸਿੰਗਾਂ ਵਾਂਗ ਖਤਮ ਹੋ ਜਾਣਗੀਆਂ। ਪਰ ਇਹ ਅਸੰਭਵ ਗੱਲ ਸੋਚੀ ਤਾਂ ਜਾ ਸਕਦੀ ਹੈ, ਵਾਸਤਵ ਵਿੱਚ ਅਜਿਹਾ ਹੋਣਾ ਅਸੰਭਵ ਹੈ। ਕਿਉਂਕਿ ਸਾਡੇ ਵੱਡੇ ਪ੍ਰਧਾਨ ਰਿਟਾਇਰ ਹੋਣ ਤੋਂ ਬਾਅਦ ਵੀ ਆਪਣੀਆਂ ਪ੍ਰਧਾਨਗੀਆਂ ਛੱਡਣ ਨੂੰ ਬਿਲਕੁਲ ਵੀ ਤਿਆਰ ਨਹੀਂ।

ਮੌਜੂਦਾ ਸਮੇਂ ਵਿਚ ਮੰਗਾਂ ਮੁਸ਼ਕਲਾਂ ਦੇ ਹੱਲ ਨਾ ਨਿਕਲਣ ਦੇ ਖ਼ਿਲਾਫ਼ ਹੜਤਾਲ ਦੀ ਕਾਲ ਦੇਕੇ ਹੜਤਾਲ ਕੀਤੀ ਜਾਂਦੀ ਹੈ। ਪਰ ਮਹਿਕਮੇ ਦੇ ਕੰਮਕਾਜ ਵਿੱਚ ਕੋਈ ਵੀ ਵਿਘਨ ਨਹੀਂ ਪੈਂਦਾ। ਇੱਕ ਦਿਨ ਦੀ ਬਰੇਕ ਦੇ ਤਹਿਤ ਕੁੱਝ ਪ੍ਰਤੀਸ਼ਤ ਬਿਜਲੀ ਮੁਲਾਜ਼ਮਾਂ ਦੀ ਤਨਖਾਹ ਕੱਟ ਲਈ ਜਾਂਦੀ ਹੈ, ਫਿਰ ਕੁੱਝ ਸਮਾਂ ਪਾ ਕੇ ਅਗਲੀ ਹੜਤਾਲ ਦੀ ਕਾਲ ਦੇ ਕੇ ਪਹਿਲਾਂ ਵਾਲੀ ਕੱਟੀ ਤਨਖਾਹ ਦੀ ਛੁੱਟੀ ਪਾਸ ਕਰਵਾਕੇ, ਹਰ ਪਾਸੇ ਲਾਲਾ-ਲਾਲਾ ਕਰਕੇ ਹੜਤਾਲ ਵਾਪਸ ਲੈ ਲਈ ਜਾਂਦੀ ਹੈ। ਆਪਣੀ ਹੋਂਦ ਬਰਕਰਾਰ ਰੱਖਣ ਤੇ ਦੂਜਿਆਂ ਨੂੰ ਨੀਵਾਂ ਦਿਖਾਉਣ ਲਈ ਕਿ ਅਸੀਂ ਹੈਗੇ ਆਂ, ਅਸੀਂ ਹੀ ਤੀਸ ਮਾਰ ਖਾਂ ਹਾਂ, ਬਾਕੀ ਤਾਂ ਸਾਰੇ ਗਦਾਰ ਹਨ। ਜਦਕਿ ਚਾਹੀਦਾ ਤਾਂ ਇਹ ਸੀ ਕਿ ਉਨ੍ਹਾਂ ਸਾਰਿਆਂ ਨੂੰ ਕਲਾਵੇ ਵਿੱਚ ਲਿਆ ਜਾਂਦਾ। ਪਰ ਹੋਇਆ ਉੱਲਟ ਅਸੀਂ ਫੁੱਟ ਦੇ ਬੀਜ਼ ਬੀਜ਼ਕੇ ਆਪਣੀ ਤਾਕਤ ਨੂੰ ਆਪ ਹੀ ਖੋਰਾ ਲਾਇਆ ਹੈ। ਕਾਮਰੇਡਾਂ ਨੇ ਸਾਨੂੰ ਹਿੱਸਿਆਂ ਵਿੱਚ ਵੰਡਿਆ ਹੋਇਆ ਹੈ। ਮੈਨੇਜ਼ਮੈਂਟਾਂ ਅਤੇ ਸਰਕਾਰਾਂ ਤੋਂ ਕੀ ਭਾਲਦੇ ਹਾਂ, ਉਨ੍ਹਾਂ ਦੇ ਰਹਿਮੋ ਕਰਮ ਤੇ ਹੈ, ਕੁੱਝ ਦੇਣਾ ਜਾਂ ਨਾ ਦੇਣਾ।ਅਜਿਹਾ ਹੁਣ ਹੋ ਰਿਹਾ ਹੈ। ਮੈਨੇਜ਼ਮੈਂਟਾਂ ਤੇ ਸਰਕਾਰਾਂ ਨੇ ਅੰਕੜੇ ਕੱਢੇ ਹਨ,ਕਿ ਨਾ ਬਿਜਲੀ ਮੁਲਾਜ਼ਮ ਤੇ ਨਾ ਹੋਰ ਜੱਥੇਬੰਦੀਆਂ ਅੱਜ ਪੰਜਾਬ ਵਿੱਚ ਕਿਸੇ ਵੀ ਪਲੇਟਫਾਰਮ ਤੇ ਇੱਕ ਝੰਡੇ ਥੱਲੇ ਇਕੱਠੇ ਹੋ ਕੇ ਮੰਗਾਂ ਲਈ ਲੜ ਸਕਦੇ ਹਨ। ਨਤੀਜਾ ਸਾਡਾ 16 ਪ੍ਰਤੀਸ਼ਤ ਡੀਏ ਵੀ ਪਿਛਲੇ ਲੰਬੇ ਸਮੇਂ ਤੋਂ ਸਰਕਾਰ ਵੱਲੋਂ ਰੋਕਿਆ ਗਿਆ ਹੈ। ਕੀ ਇਸ ਨੂੰ ਅਸੀਂ ਪ੍ਰਾਪਤੀ ਕਹਾਂਗੇ? ਮੁਲਾਜ਼ਮ ਵਰਗ ਨੂੰ ਅੱਜ ਸਰਕਾਰਾਂ ਵੱਲੋਂ ਕੁੱਟਿਆ ਤੇ ਲੁੱਟਿਆ ਜਾ ਰਿਹਾ ਹੈ। ਇਹ ਸੱਚ ਹੈ ਕਿ ਕੋਈ ਮੰਨੇ ਭਾਂਵੇਂ ਨਾ ਮੰਨੇ। ਇਸ ਤੋਂ ਬਿਲਕੁਲ ਚਿੱਟੇ ਦਿਨ ਵਾਂਗ ਸਪੱਸ਼ਟ ਹੈ, ਸਾਡੀ ਏਕਤਾ ਮੰਤਰੇ ਦੀਆਂ ਫਾੜੀਆਂ ਦੀ ਨਿਆਈਂ ਹੈ। ਅੰਦਰੂਨੀ ਤੌਰ ਤੇ ਟਰੇਡ ਯੂਨੀਅਨ ਲਹਿਰ ਨੂੰ ਸਰਕਾਰਾਂ ਨੇ ਹੱਥ ਕੰਡੇ ਅਪਣਾਕੇ ਤਹਿਸ ਨਹਿਸ ਕਰ ਦਿੱਤਾ ਹੈ। ਕਿਉਂਕਿ ਉਨ੍ਹਾਂ ਨੇ ਪਹਿਲਾਂ ਵਰਕ ਹੀ ਮੁਲਾਜ਼ਮ ਏਕਤਾ ਨੂੰ ਤੋੜਨ ਲਈ ਕੀਤਾ ਹੈ। ਸਰਕਾਰਾਂ ਇਸ ਕੰਮ ਵਿੱਚ ਵੱਡੇ ਪੱਧਰ ਤੇ ਸਫ਼ਲ ਵੀ ਹੋਈਆਂ ਹਨ।

ਮੈਂ ਜਦ ਵੀ ਕਿਸੇ ਦਫ਼ਤਰ ਜਾਂਦਾ ਹਾਂ ਤਾਂ ਸਾਡੀ ਆਪਸੀ ਫੁੱਟ ਦੀਆਂ ਤਸਵੀਰਾਂ ਬਾਹਰਲੇ ਮੇਨ ਗੇਟਾਂ ਤੇ ਵੱਖ-ਵੱਖ ਯੂਨੀਅਨਾਂ ਦੇ ਵੱਖ ਵੱਖ ਝੰਡਿਆਂ ਦੇ ਰੂਪ

ਬਾਕੀ ਭਾਗ ਅਗਲੇ ਸਫ਼ੇ ਤੇ

ਪਿੱਛਲੇ ਸਫੇ ਦਾ ਬਾਕੀ

ਵਿੱਚ ਲਹਿਰਾਉਂਦੀਆਂ ਦੇਖਣ ਨੂੰ ਆਮ ਹੀ ਮਿਲਦੀਆਂ ਹਨ। ਉਦੋਂ ਬੜੀ ਹੈਰਾਨੀ ਹੁੰਦੀ ਹੈ ਜਦ ਅਸੀਂ ਇੱਕ ਮਈ ਨੂੰ ਨਾਅਰੇ ਮਾਰਦੇ ਹਾਂ ਕਿ ਦੁਨੀਆਂ ਭਰ ਦੇ ਮਿਹਨਤ ਕਸ਼ੋ ਇੱਕ ਹੋ ਜਾਓ, ਖੁਦ ਤਾਂ ਅਸੀਂ ਉਨ੍ਹਾਂ ਸ਼ਹੀਦਾਂ ਨੂੰ ਸਲਾਮੀ ਦੇਣ ਲਈ ਲਾਲ ਝੰਡਿਆਂ ਵਿੱਚ ਵੱਖੋ-ਵੱਖਰੇ ਡੰਡੇ ਪਾ ਕੇ ਇਹ ਨਾਹਰੇ ਮਾਰਦੇ ਹਾਂ ਜੋ ਸਾਡੀ ਏਕਤਾ ਨੂੰ ਮੂੰਹ ਚਿੜ੍ਹਾ ਰਹੇ ਹੁੰਦੇ ਹਨ। ਪਹਿਲਾਂ ਖੁਦ ਤਾਂ ਇਕ ਅਦਾਰੇ ਵਿੱਚ ਇੱਕ ਹੋ ਜਾਓ। ਫੇਰ ਦੁਨੀਆਂ ਨੂੰ ਕੱਠੀ ਕਰ ਲਿਓ। ਇਹ ਸਾਡੀ ਕਮਜ਼ੋਰੀ ਨਹੀਂ ਤਾਂ ਹੋਰ ਕੀ ਹੈ। ਮੈਨੇਜ਼ਮੈਂਟਾਂ ਜਾਂ ਸਰਕਾਰਾਂ ਤੋਂ ਅਸੀਂ ਕਿਹੜੇ ਮੂੰਹ ਨਾਲ ਕੀ ਭਾਲਦੇ ਹਾਂ? ਜਿਹੜੇ ਘਰ ਦੇ ਜੀਆਂ ਦੇ ਮੂੰਹ ਚਾਰੇ ਪਾਸੇ ਹੋ ਜਾਣ ਉਹ ਅੱਜ ਵੀ ਉਜੜਿਆ, ਕੱਲ ਵੀ ਉਜੜਿਆ। ਜੇਕਰ ਏਕਤਾ ਹੋਵੇਗੀ ਤਾਂ ਤੁਹਾਨੂੰ ਵੱਡੀਆਂ ਮੁਸ਼ਕਲਾਂ ਵੀ ਤਰੱਕੀ ਤੋਂ ਨਹੀਂ ਰੋਕ ਸਕਦੀਆਂ। ਕਦੇ ਵੀ ਕੁਰਬਾਨੀ ਪਹਿਲੀ ਸ਼ਰਤ ਨਹੀਂ ਹੁੰਦੀ, ਪਹਿਲੀ ਸ਼ਰਤ ਏਕਤਾ ਹੁੰਦੀ ਹੈ। ਸਾਡੀ ਏਕਤਾ ਤਾਂ ਦਾਣਿਆਂ ਦੀ ਤਰ੍ਹਾਂ ਖਿੱਲਰ ਚੁੱਕੀ ਹੈ। ਸਾਨੂੰ ਮੈਨੇਜ਼ਮੈਂਟਾਂ ਜਾਂ ਸਰਕਾਰਾਂ ਕੋਲ ਮੰਗਾਂ ਰੱਖਣ ਸਮੇਂ ਕਈ-ਕਈ ਬਦਲ ਦੇਣੇ ਚਾਹੀਦੇ ਹਨ, ਕਿਸੇ ਵੀ ਮੁਸ਼ਕਲ ਮੰਗ ਨੂੰ ਲਾਗੂ ਕਰਵਾਉਣ ਬਾਰੇ ਸਾਰੇ ਪੱਖ ਵਿਚਾਰਨ ਚਾਹੀਦੇ ਹਨ, ਕਿ ਇਸ ਨਾਲ ਕਿਸ ਤਰ੍ਹਾਂ ਨਜਿੱਠਿਆ ਜਾਵੇ, ਕਿਸ ਤਰ੍ਹਾਂ ਮੈਨੇਜਮੈਂਟਾਂ ਨੂੰ ਰਾਜ਼ੀ ਕੀਤਾ ਜਾਵੇ। ਵੱਖ-ਵੱਖ ਵਿਕਲਪ ਦਿੱਤੇ ਜਾਣ, ਅਸੀਂ ਅਜਿਹਾ ਕਰ ਕੇ ਦੇਖਿਆ ਹੈ, ਜਿਸਦੇ ਰਿਜ਼ਲਟ ਸੌ ਪ੍ਰਤੀਸ਼ਤ ਮਿਲੇ। ਸਬ-ਸਟੇਸ਼ਨ ਕਾਮਿਆਂ ਦੀਆਂ ਮੰਗਾਂ ਮੁਸ਼ਕਲਾਂ ਨੂੰ ਹੱਲ ਕਰਨ ਲਈ ਪੰਜਾਬ ਵਿਚ ਇਸ ਪਾਲਸੀ ਨਾਲ ਕਾਫ਼ੀ ਹੁਲਾਰਾ ਮਿਲਿਆ, ਜੇਕਰ ਵਨ-ਮੈਨ-ਸੋਅ ਵਾਲਾ ਵਿਅਕਤੀ ਇਸ ਦੀ ਏਕਤਾ ਵਿੱਚ ਤਰੇੜਾਂ ਨਾ ਪਾਉਂਦਾ ਤਾਂ ਅੱਜ ਤਸਵੀਰ ਕੁੱਝ ਹੋਰ ਹੋਣੀ ਸੀ। ਪਰ ਫਿਰ ਵੀ ਬਹੁਤ ਕੁੱਝ ਹਾਸਲ ਕੀਤਾ ਹੈ, ਉਸ ਆਦਮੀ ਦੀ ਤਸਵੀਰ ਲੋਕਾਂ ਤੇ ਮੈਨੇਜ਼ਮੈਂਟਾਂ ਦੇ ਸਾਹਮਣੇ ਚਿੱਟੇ ਦਿਨ ਵਾਂਗ ਸਾਫ ਹੈ। ਮੈਂ ਜੱਥੇਬੰਦੀਆਂ ਦੀ ਆਪਸੀ ਫੁੱਟ ਸਬੰਧੀ ਕਾਫ਼ੀ ਕੁੱਝ ਨਿੱਜੀ ਤੌਰ ਤੇ ਮਹਿਸੂਸ ਕਰਕੇ ਤੁਹਾਡੀ ਕਚਿਹਰੀ ਵਿਚ ਪੇਸ਼ ਕਰਨ ਦੀ ਕੋਸ਼ਿਸ਼ ਕੀਤੀ ਹੈ। ਅਜੇ ਵੀ ਬਹੁਤ ਕੁੱਝ ਬਾਕੀ ਹੈ, ਜਿਸ ਨਾਲ ਅਸੀਂ ਆਪਣੇ ਹੱਕਾਂ ਦੀ ਰਾਖੀ ਕਰਨ ਦੀ ਬਜਾਏ ਉਨ੍ਹਾਂ ਨੂੰ ਜਾਣਦੇ ਹੋਏ ਲਗਾਤਾਰ ਗਵਾ ਰਹੇ ਹਾਂ। ਵਕਤ ਅਜੇ ਵੀ ਬਾਕੀ ਹੈ, ਪਰ ਹੈ ਹੁਣ ਅੰਤਲਾ ਸਮਾਂ ਹੀ ਸਾਰੇ ਵੱਡੇ ਪ੍ਰਧਾਨ ਹੀ ਇਸ ਬਾਰੇ ਬਹੁਤ ਕੁੱਝ ਸੋਚ ਸਕਦੇ ਹਨ। ਪਰੇ ਵਿਚ ਬੈਠ ਕੇ ਵਿਚਾਰਾ ਕਰਨ ਦੀਆਂ ਲੋੜਾਂ ਲਈ ਆਖ਼ਰੀ ਸਮਾਂ ਹੈ, ਵੱਡੇ ਘਾਟੇ ਪੈ ਚੁੱਕੇ ਹਨ, ਖਾਈਆਂ ਤਿਆਰ ਹਨ, ਤੁਸੀਂ ਅਜੇ ਵੀ ਸੋਚ ਲਓ, ਕਿ ਹੋਰ ਕਿੰਨੀਆਂ ਕੁ ਜੱਥੇਬੰਦੀਆਂ ਜਾਂ ਧੜ੍ਹੇ ਹੋਰ ਬਨਾਉਣੇ ਹਨ। ਕਿਸਾਨਾਂ ਵਾਲੀਆਂ ਇਕੱਤੀਆਂ ਤੋਂ ਅਸੀਂ ਟੱਪ ਚੁੱਕੇ ਹਾਂ। ਸਾਡੀ ਆਮਦਨ ਵਿੱਚ ਵੀ ਕੱਟ ਲਾਅ ਦਿੱਤਾ ਹੈ। ਅਜਿਹਾ ਸਿਰਫ ਸਾਡੀ ਫੁੱਟ ਕਾਰਨ ਹੋ ਰਿਹਾ ਹੈ। ਅੱਜ ਸਰਕਾਰਾਂ ਲੋਕ-ਹਿੱਤੂ ਨਹੀਂ ਹਨ, ਜੇਕਰ ਅਸੀਂ ਸਰਕਾਰਾਂ ਤੋਂ ਕੁੱਝ ਲੈਣਾ ਹੈ ਤਾਂ ਸਾਨੂੰ ਲੈਣ ਵਾਲੀ ਪੋਜੀਸ਼ਨ ਬਣਾ ਕੇ ਹੀ ਜਾਣਾ ਪਵੇਗਾ। ਮਜ਼ਬੂਤ ਏਕਤਾ ਦਾ ਭਾਂਡਾ ਤਿਆਰ ਕਰਨਾ ਪਵੇਗਾ, ਫਿਰ ਹੀ ਕੁੱਝ ਪੱਲੇ ਪਵੇਗਾ। ਕਿਉਕਿ ਜੱਥੇਬੰਦਕ ਢਾਂਚੇ ਦੇ ਮੁੱਢਲੇ ਨਿਯਮ ਏਕਤਾ ਤੋਂ ਹੀ ਅਸੀਂ ਤੌਬਾ ਕਰੀ ਬੈਠੇ ਹਾਂ, ਦੁਸ਼ਮਣ ਨੂੰ ਅਸੀਂ ਵੰਗਾਰ ਰਹੇ ਹਾਂ, ਉਹ ਸਾਨੂੰ ਦੇਖ-ਦੇਖ ਹੱਸ ਰਿਹਾ ਹੈ। ਕਈ ਤਾਂ ਆਪਣੇ ਆਪ ਨੂੰ ਐਡਵੋਕੇਟ ਜਨਰਲ ਕਹਾਉਣ ਵਾਲੇ ਵੱਡੇ ਲੀਡਰ ਮਹਿਕਮੇਂ ਦੀਆਂ ਮੀਟਿੰਗਾਂ ਵਿੱਚ ਵਾਕ ਆਊਟ ਕਰਕੇ ਕਹਿੰਦੇ ਆ ਕਿ, ਅਸੀਂ ਹੜਤਾਲ ਕਰਕੇ ਬਿਜਲੀ ਸਿਸਟਮ ਠੱਪ ਕਰ ਦਿਆਂਗੇ, ਅਗਲੇ ਹੀ ਪਲ ਉਸ ਤੋਂ ਉਪਰਲਿਆਂ ਨਾਲ ਮੀਟਿੰਗਾਂ ਕਰਨ ਲਈ ਲੇਲੜੀਆਂ ਕੱਢਦੇ ਹੋਏ, ਤੇ ਲੋਕਾਂ ਨਾਲ ਰਾਇ ਕੀਤੇ ਬਿਨਾਂ ਵਿੱਢੇ ਘੋਲਾਂ ਨੂੰ ਦੂਜੇ ਹੀ ਪਲ ਵਾਪਿਸ ਲੈਕੇ ਟਾਹਰਾਂ ਮਾਰਦੇ ਫਿਰਦੇ ਆ ਕਿ ਅਸੀਂ ਆਹ ਕਰਾਤਾ, ਉਹ ਕਰਾਤਾ। ਪਰੰਤੂ ਇਸ ਬਾਰੇ ਲੋਕ ਸਭ ਕੁੱਝ ਜਾਣਦੇ ਹੋਏ ਚੁੱਪ ਹਨ।

ਜੱਥੇਬੰਦੀਆਂ ਦੀ ਪਾਟੋਧਾੜ ਕਰਕੇ ਅੱਜ ਬਿਜਲੀ ਘਰਾਂ ਦੇ ਕਰਮਚਾਰੀਆਂ ਤੋਂ, ਲੇਬਰ ਕਾਨੂੰਨਾਂ ਦੀ ਉਲੰਘਣਾ ਕਰਕੇ ਲਗਾਤਾਰ ਪੰਜਾਹ ਘੰਟੇ ਤੋਂ ਵੱਧ ਕੰਮ ਲੈਕੇ ਓਵਰ ਟਾਈਮ ਨਹੀਂ ਦਿੱਤਾ ਜਾ ਰਿਹਾ। ਅਜਿਹਾ ਸਾਡੀ ਏਕਤਾ ਟੁੱਟਣ ਕਾਰਨ ਹੋ ਰਿਹਾ ਹੈ। ਨਾਮ-ਨਿਹਾਦ ਲੀਡਰਾਂ ਵੱਲੋਂ ਆਪਣੀ ਲੀਡਰੀ ਚਮਕਾਉਣ ਖਾਤਰ ਮੁਲਾਜ਼ਮ ਹਿੱਤਾਂ ਦਾ ਘਾਣ ਕਰਕੇ ਸਿਰਫ ਆਪਣੀ ਹਿੰਡ ਪੁਗਾਈ ਜਾ ਰਹੀ ਹੈ। ਏਕਤਾ ਟੁੱਟਣ ਕਰਕੇ ਨਵੇਂ ਕੁਨੈਕਸ਼ਨ ਚਾਲੂ ਕਰਨ ਲਈ, ਕੰਪਲੇਟ ਕਰਨ ਲਈ, ਬਿੱਲ ਵੰਡਣ ਤੇ ਰੀਡਿੰਗ ਲੈਣ ਲਈ, ਬਿਜਲੀ ਘਰਾਂ ਨੂੰ ਚਲਾਉਣ ਲਈ, ਆਦਿ ਇਸ ਤਰ੍ਹਾਂ ਦੇ ਅਨੇਕਾਂ ਸਰਕਾਰੀ ਕੰਮਾਂ ਨੂੰ ਕਰਨ ਲਈ ਮਹਿਕਮੇਂ ਨੇ ਨਵੀਂ ਭਰਤੀ ਬੰਦ ਕਰਕੇ ਇਹ ਕੰਮ ਪ੍ਰਾਈਵੇਟ ਠੇਕੇਦਾਰਾਂ ਤੋਂ ਕਰਵਾਉਣ ਲਈ ਕਾਨੂੰਨ ਪਾਸ ਕਰ ਦਿੱਤੇ ਤੇ ਠੇਕੇਦਾਰ ਲਗਾਤਾਰ ਥੱਲੇ ਇਨ੍ਹਾਂ ਕੰਮਾਂ ਨੂੰ ਨੇਪਰੇ ਚਾੜ੍ਹਨ ਲਈ ਸਾਡੀ ਨੌਜਵਾਨ ਪੀੜ੍ਹੀ ਦਾ ਘੱਟ ਤਨਖਾਹਾਂ ਦੇ ਕੇ ਲਗਾਤਾਰ ਆਰਥਿਕ ਸ਼ੋਸ਼ਣ ਕਰ ਰਹੇ ਹਨ। ਜਦ ਇਨਸਾਨ ਜਦੋਂ ਪਾਵਰ ਵਿੱਚ ਹੁੰਦਾ ਹੈ ਉਦੋਂ ਲੰਡੇ ਲਾਟ ਦੀ ਪਰਵਾਹ ਨਹੀਂ ਕਰਦਾ ਜਦੋਂ ਸ਼ਕਤੀ ਹੀਣ ਹੋਣ ਲਗਦਾ ਹੈ, ਰਿਸ਼ਤੇਦਾਰੀਆਂ ਤੇ ਬਾਕੀ ਸਾਰੇ ਯਾਦ ਆ ਜਾਂਦੇ ਹਨ, ਇਵੇਂ ਹੀ ਸਾਨੂੰ ਹੁਣ ਏਕਤਾ ਟੁੱਟਣ ਤੋਂ ਬਾਅਦ ਆਪਣੇ ਰਿਟਾਇਰੀ ਯਾਦ ਆ ਰਹੇ ਹਨ, ਯਾਦ ਰੱਖਣੇ ਵੀ ਚਾਹੀਦੇ ਹਨ, ਅੱਜ ਆਂਢ-ਗੁਆਂਢ ਤੇ ਰਿਟਾਇਰੀ ਯੂਨੀਅਨਾਂ ਦੇ ਸਾਥ ਦੀ ਵੱਡੀ ਲੋੜ ਹੈ ਕਿਉਂਕਿ ਅਸੀਂ ਫੁੱਟ ਪਾਉ ਤੇ ਰਾਜ ਕਰੋ ਦੀ ਨੀਤੀ ਦਾ ਸ਼ਿਕਾਰ ਤਾਂ ਹੋ ਚੁੱਕੇ ਹਾਂ, ਨਾਲ-ਨਾਲ ਨਤੀਜੇ ਵੀ ਭੁਗਤ ਰਹੇ ਹਾਂ, ਹੋਰ ਭਿਆਨਕ ਨਤੀਜੇ ਭੁਗਤਣ ਲਈ ਤਿਆਰ ਰਹਿਣਾ ਪਵੇਗਾ। ਸਮੇਂ ਦੀ ਮੰਗ ਹੈ, ਸ਼ਹਿਦ ਦੀਆਂ ਮੱਖੀਆਂ ਤੇ ਭੂਡਾਂ ਦੇ ਛੱਤਿਆ ਤੋਂ ਸਿੱਖਿਆ ਲੈਕੇ, ਦੁਸ਼ਮਣ ਦੇ ਵਾਰ ਤੋਂ ਬਚਣ ਲਈ ਇੱਕ ਜੁੱਟ ਹੋ ਜਾਣਾ ਚਾਹੀਦਾ ਹੈ। ਯੁੱਧ ਜਿੱਤਣ ਲਈ ਹੌਂਸਲਾ ਤੇ ਏਕਤਾ ਲਾਜ਼ਮੀ ਹੈ। ਸਾਡੇ ਦੁਸ਼ਮਣ ਨੇ ਪਹਿਲਾਂ ਸਾਨੂੰ ਧੜਿਆਂ ਵਿਚ ਵੰਡਿਆ, ਫ਼ੇਰ ਸਾਨੂੰ ਆਪ ਹੀ ਆਪਣਾ ਢੰਗ ਵਰਤ ਕੇ ਜੁਆਇੰਟ ਫੋਰਮ ਬਣਾਕੇ ਇਕੱਠੇ ਕੀਤਾ, ਜਦਕਿ ਇਹ ਏਕਤਾ ਨਹੀਂ ਹੈ, ਜੋ ਸਾਡੀ ਭੁੱਲ ਹੈ। ਇਹ ਉਸਦਾ ਜ਼ਹਿਰੀਲਾ ਡੰਗ ਹੈ। ਉਸ ਨੂੰ ਪਤਾ ਹੈ ਕਿ ਮੈਂ ਸਾਰਿਆਂ ਵਿੱਚ ਜੋ ਪ੍ਰਧਾਨਗੀਆਂ ਦਾ ਸ਼ਹਿਦ ਵੰਡਿਆ ਹੈ, ਇਹ ਹੁਣ ਉਸਦੇ ਸੁਆਦ ਵਿੱਚ ਕਦੇ ਇਕੱਠੇ ਨਹੀਂ ਹੋਣਗੇ।ਜੇਕਰ ਹੋ ਵੀ ਗਏ ਤਾਂ ਮੁੱਦੇ ਦੀ ਗੱਲ ਤੇ ਫਿਰ ਵਿਚਾਰਧਾਰਾ ਵੱਖ-ਵੱਖ ਹੋਣ ਕਰਕੇ ਖਿੰਡ ਜਾਣਗੇ। ਸੋ ਸਾਥਿਓ ਸਾਨੂੰ ਅੱਜ ਤਾਕਤ ਨਾਲੋਂ ਜ਼ਿਆਦਾ ਦਿਮਾਗ਼ ਨੂੰ ਵਰਤਣਾ ਚਾਹੀਦਾ ਹੈ। ਨਹੀਂ ਤਾਂ ਹੋ ਸਕਦਾ ਹੈ ਅਸੀਂ ਆਪਣੀ ਸ਼ਕਤੀ ਦੇ ਨਸ਼ੇ ਵਿੱਚ ਰਾਵਣ ਦੀ ਤਰ੍ਹਾਂ ਸ਼ਕਤੀਸ਼ਾਲੀ ਹੁੰਦੇ ਹੋਏ ਵੀ ਯੁੱਧ ਹਾਰ ਜਾਈਏ ਤੇ ਲਗਾਤਾਰ ਹਾਰ ਵੀ ਰਹੇ ਹਾਂ।ਨਤੀਜੇ ਵਜੋਂ ਬਠਿੰਡਾ ਥਰਮਲ ਵਿੱਚ ਸਸਤੀ ਬਿਜਲੀ ਪੈਦਾ ਕੀਤੀ ਜਾਂਦੀ ਸੀ, ਨੂੰ ਬੰਦ ਕਰਕੇ ਢਾਹ ਦਿੱਤਾ ਹੈ। ਇਹ ਸਾਡੀ ਏਕਤਾ ਟੁੱਟਣ ਦਾ ਸ਼ਾਨਦਾਰ ਨਤੀਜਾ ਹੈ। ਬਹੁਤੇ ਵੱਡੇ ਲੀਡਰ ਅੱਜ ਇਸ ਮੁਰਦੇ ਦੇ ਮੂੰਹ ਨੂੰ ਘਿਓ ਲਾ ਕੇ ਲੋਕਾਂ ਨੂੰ ਪਤਾ ਨਹੀਂ ਕੀ ਦੱਸਣਾ ਜਾਂ ਦਿਖਾਉਣਾ ਚਾਹੁੰਦੇ ਹਨ। ਸੋ ਤੁਸੀਂ ਸਾਰੇ ਮੇਰੇ ਤੋਂ ਵੱਡੇ ਤੇ ਬਹੁਤ ਸੂਝਵਾਨ ਹੋ, ਗੱਲ ਤੁਹਾਡੇ ਤੇ ਟਿਕੀ ਹੈ। ਰਿਜ਼ਲਟ ਤੁਹਾਡੇ ਸਾਹਮਣੇ ਹੈ। ਸਾਨੂੰ ਕੀ ਕਰਨਾ ਚਾਹੀਦਾ ਹੈ, ਉਹ ਤੁਸੀਂ ਭਲੀ-ਭਾਂਤ ਜਾਣਦੇ ਹੋ।

ਮੈਂ ਵੀ ਇੱਕ ਬਿਜਲੀ ਮੁਲਾਜ਼ਮ ਹਾਂ, ਮੁਲਾਜ਼ਮ ਹੋਣ ਦੇ ਨਾਤੇ ਮੇਰੇ ਦਿਲ ਦੀ ਪੀੜ੍ਹ ਨੂੰ ਲਫ਼ਜ਼ਾਂ ਵਿੱਚ ਪਰੋਇਆ ਹੈ। ਕਿਉਂਕਿ ਇਹ ਹਰ ਇੱਕ ਬਿਜਲੀ ਮੁਲਾਜ਼ਮ ਦੇ ਦਿਲ ਵਿੱਚ ਉੱਠ ਰਹੀ ਟੀਸ ਹੈ। ਮੇਰੇ ਦਿਲ ਦੇ ਦਰਦ ਨੂੰ ਮੈਂ ਬਹੁਤ ਚਿਰ ਰੋਕੀ ਰੱਖਿਆ ਪਰੰਤੂ "ਸੀਨੇਂ ਖਿੱਚ ਜਿਨ੍ਹਾਂ ਨੇ ਖਾਧੀ,ਉਹ ਕਰ ਆਰਾਮ ਨਾ ਬਹਿੰਦੇ"। ਬਿਜਲੀ ਮੁਲਾਜ਼ਮ ਯੂਨੀਅਨ ਕਿਸੇ ਸਮੇਂ ਪੰਜਾਬ ਦੀ ਟਰੇਡ ਯੂਨੀਅਨ ਲਹਿਰ ਦਾ ਧੁਰਾ ਸੀ, ਪਰ ਅੱਜ ਧੁਰਾ ਕੋਈ ਵੀ ਨਹੀਂ ਰਿਹਾ। ਬਾਕੀਆਂ ਨਾਲੋਂ ਬਿਜਲੀ ਮੁਲਾਜ਼ਮਾਂ ਦੀਆਂ ਆਸਾਂ ਸਾਡੇ ਤੇ ਵੱਧ ਟਿਕੀਆਂ ਹੋਈਆਂ ਸਨ।ਪਰ ਸਾਡੀ ਏਕਤਾ ਦੇ ਮੋਤੀਆਂ ਦੀ ਮਾਲਾ ਖਿੱਲਰਣ ਕਾਰਨ ਸਰਕਾਰਾਂ ਨੇ ਇਸਦਾ ਲਾਹਾ ਖੱਟਿਆ ਹੈ, ਬਿਜਲੀ ਬੋਰਡ ਨੂੰ ਤੋੜਕੇ ਹਿੱਸਿਆਂ ਵਿੱਚ ਵੰਡ ਕੇ, ਰੁਜ਼ਗਾਰ ਮੁਖੀ ਅਦਾਰੇ ਨੂੰ ਖ਼ਤਮ ਕਰਕੇ, ਕਾਰਪੋਰੇਟ ਘਰਾਣਿਆਂ ਨੂੰ ਥਾਲੀਆਂ ਵਿੱਚ ਪਰੋਸ ਕੇ ਦੇ ਦਿੱਤਾ ਹੈ। ਅੱਜ ਵੀ ਏਕਤਾ ਦੇ ਮਣਕਿਆਂ ਨੂੰ ਮੁੜ ਫੇਰ ਤੋਂ ਇੱਕ ਧਾਗੇ ਵਿੱਚ ਪਰੋਇਆ ਜਾ ਸਕਦਾ ਹੈ। ਇਹ ਨਹੀਂ ਕਿ ਵਕ਼ਤ ਲੰਘ ਗਿਆ ਹੈ,ਏਕਾ ਕਰਨ ਲਈ ਸਹੀ ਜਗ੍ਹਾ ਤੇ ਸਹੀ ਵਿਚਾਰਧਾਰਾ ਨੂੰ ਅਪਨਾਉਣ ਲਈ ਵਕ਼ਤ ਨਹੀਂ ਦੇਖਿਆ ਜਾਂਦਾ। ਜਦੋਂ ਜਾਗੋ, ਉਦੋਂ ਸਵੇਰਾ। ਦੇਰ ਆਏ ਦਰੁਸਤ ਆਏ। ਮੇਰੇ ਵੱਲੋਂ ਇਹ ਹੋਕਾ ਹੀ ਸਮਝਿਆ ਜਾਵੇ। ਪਾਰਟੀਆਂ ਤੇ ਸਿਆਸਤਾਂ ਛੱਡ ਕੇ ਮੁਲਾਜ਼ਮ ਹਿੱਤਾਂ ਤੇ ਪੰਜਾਬ ਵਾਸੀਆਂ ਦੇ ਭਲੇ ਲਈ ਏਕਤਾ ਨੂੰ ਮੁੜ ਸੁਰਜੀਤ ਕੀਤਾ ਜਾ ਸਕਦਾ ਹੈ।

ਬਿਜਲੀ ਨਿਗਮ ਦੀਆਂ ਸਾਰੀਆਂ ਜੱਥੇਬੰਦੀਆਂ ਨੂੰ ਆਪਣੇ ਵੱਖੋ-ਵੱਖਰੇ ਝੰਡੇ ਲਾਹ ਕੇ ਇੱਕ ਹੋਣਾ ਚਾਹੀਦਾ ਤੇ ਪੁਰਾਤਨ ਬਿਜਲੀ ਬੋਰਡ ਦੇ ਸਮੇਂ ਵਾਂਗੂ ਅੱਜ ਵੀ ਜੇਕਰ ਕਾਰਪੋਰੇਟ ਘਰਾਣਿਆਂ ਤੇ ਸਰਕਾਰਾਂ ਨੂੰ ਟੱਕਰ ਦੇਣੀ ਹੈ ਜਾਂ ਪਬਲਿਕ ਸੈਕਟਰ ਦੇ ਅਦਾਰਿਆਂ ਨੂੰ ਬਚਾਉਣਾ ਹੈ ਸਿਰਫ ਦੋ ਹੀ ਜੱਥੇਬੰਦੀਆਂ ਬਨਾਉਣੀਆਂ ਚਾਹੀਦੀਆਂ ਹਨ ਇੱਕ ਟੈਕਨੀਕਲ ਕਾਮਿਆਂ ਦੀ ਤੇ ਦੂਜੀ ਕਲੈਰੀਕਲ ਕਾਮਿਆਂ ਦੀ। ਨਿੱਜੀ ਹਿੱਤ ਵਾਲੇ ਲੋਕਾਂ ਨੇ ਕਦੇ ਵੀ ਇਕੱਠੇ ਨਹੀਂ ਹੋਣਾ।

ਜਿਸ ਤਰ੍ਹਾਂ ਕਾਮਰੇਡਾਂ ਨੇ ਪਹਿਲਾਂ ਸਾਲ 2010 ਦੌਰਾਨ ਬਿਜਲੀ ਬੋਰਡ ਨੂੰ ਤੋੜਨ ਵਿੱਚ ਅੰਦਰ ਖਾਤੇ ਜੋ ਭੂਮਿਕਾ ਨਿਭਾਈ ਹੈ, ਭਾਵ ਦੋ ਦਿਨ ਦੀ ਹੜਤਾਲ ਕਰਕੇ ਲਾਂਭਾ ਲਾਹਿਆ ਸੀ ਠੀਕ ਉਸੇ ਤਰ੍ਹਾਂ ਹੀ ਲੱਗਦਾ ਹੈ ਸਾਡੇ ਬਿਜਲੀ ਨਿਗਮ ਦੀਆਂ ਜ਼ਮੀਨਾਂ ਨੂੰ ਕਾਰਪੋਰੇਟ ਘਰਾਣਿਆਂ ਹੱਥ ਸੌਂਪਣ ਵਾਸਤੇ ਇਹਨਾਂ ਨੇ ਸਰਕਾਰ ਨੂੰ ਛੋਟ ਦੇ ਹੀ ਦੇਣੀ ਹੈ।

ਅਗਲੀ ਗੱਲ ਜੇਕਰ ਜ਼ਮੀਨਾਂ ਬਚਾਉਣੀਆਂ ਹਨ ਤਾਂ ਬਚ ਸਕਦੀਆਂ ਹਨ। ਉਸ ਵਾਸਤੇ ਅੰਗਰੇਜ਼ੀ ਬੋਲਣ ਵਾਲੇ ਤੇ ਰੂਸ ਦੀਆਂ ਗੱਲਾਂ ਸੁਣਾਉਣ ਵਾਲੇ ਪ੍ਰਧਾਨਾਂ ਨੂੰ ਆਪਣੇ ਮਗਰ ਬੰਨੇ ਛੱਜ ਲਾਹ ਕੇ ਇੱਕ ਮੁੱਠ ਹੋਣਾ ਪਵੇਗਾ। ਫੇਰ ਕਿਸੇ ਦੀ ਮਾਂ ਦੀ ਤਾਕਤ ਨਹੀਂ ਕੋਈ ਸਾਡੀਆਂ ਜ਼ਮੀਨਾਂ ਖੋਹ ਕੇ ਲੈ ਜਾਵੇ।

ਜੇਕਰ ਟੀਐਸਯੂ ਦੀਆਂ ਸਾਰੀਆਂ ਧਿਰਾਂ ਨੇ ਇਕੱਠੇ ਬਹਿ ਕੇ ਸਿਰ ਨਾ ਜੋੜ੍ਹੇ ਤਾਂ ਓਹ ਦਿਨ ਦੂਰ ਨਹੀਂ ਸਰਕਾਰਾਂ ਨੇ ਬਿਜਲੀ ਨਿਗਮ ਦੀਆਂ ਰਿਉੜੀਆਂ ਵੱਟ ਦੇਣੀਆਂ ਹਨ। ਫੈਸਲਾ ਤੁਹਾਡੇ ਹੱਥ ਹੈ। ਪਹਿਲਾਂ ਹੀ ਕਾਮਰੇਡਾਂ ਨੇ ਬਿਜਲੀ ਨਿਗਮ ਦੇ ਮੁਲਾਜ਼ਮ ਵਰਗ ਦਾ ਆਰਥਿਕ ਪੱਖੋਂ ਬਹੁਤ ਵੱਡਾ ਨੁਕਸਾਨ ਕਰ ਦਿੱਤਾ ਹੈ। ਬਿਜਲੀ ਮੁਲਾਜ਼ਮੋ ਤੁਹਾਡਾ ਤਾਂ ਹੁਣ ਰੱਬ ਹੀ ਰਾਖਾ ਹੈ।

# ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ ਸਚਦੇਵਾ ਸਟਾਕਸ ਫੈਮਿਲੀ ਵਾਕ ਟੀ-ਸ਼ਰਟ ਕੀਤੀ ਜਾਰੀ !

## ਲਗਭਗ 4,500 ਸ਼ਹਿਰ ਨਿਵਾਸੀ ਰਜਿਸਟਰਡ : ਪਰਮਜੀਤ ਸਚਦੇਵਾ, ਫੈਮਿਲੀ ਵਾਕ ਪਰਿਵਾਰਾਂ ਨੂੰ ਇਕੱਠੇ ਲਿਆਉਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰੇਗਾ : ਡੀਸੀ

"Equality and justice"
Patiala 22 October
INTERNATIONAL PAPER, 94636 01616
hardipchumber57@gmail.com



ਹੁਸ਼ਿਆਰਪੁਰ 22 ਅਕਤੂਬਰ ( ਤਰਸੇਮ ਦੀਵਾਨਾ ) - ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਨੇ 2 ਨਵੰਬਰ ਨੂੰ ਫਿੱਟ ਬਾਈਕਰ ਕਲੱਬ ਦੁਆਰਾ ਆਯੋਜਿਤ ਕੀਤੇ ਜਾ ਰਹੇ 5 ਕਿਲੋਮੀਟਰ ਲੰਬੇ ਪ੍ਰੋਗਰਾਮ, ਸਚਦੇਵਾ ਸਟਾਕਸ ਹੁਸ਼ਿਆਰਪੁਰ ਫੈਮਿਲੀ ਵਾਕ ਲਈ ਟੀ-ਸ਼ਰਟ ਜਾਰੀ ਕੀਤੀ। ਕਲੱਬ ਦੇ ਪ੍ਰਧਾਨ ਪਰਮਜੀਤ ਸਿੰਘ ਸਚਦੇਵਾ, ਉੱਤਮ ਸਿੰਘ ਸਾਬੀ, ਦੌਲਤ ਸਿੰਘ, ਓਕਾਰ ਸਿੰਘ, ਸੌਰਵ ਸ਼ਰਮਾ, ਤਰਲੋਚਨ ਸਿੰਘ, ਰੋਹਿਤ ਬਾਸੀ, ਰਮਨਦੀਪ ਬੋਪਾਰਾਏ ਅਤੇ ਸੰਜੀਵ ਸੋਹਲ ਇਸ ਮੌਕੇ ਮੌਜੂਦ ਸਨ। ਪ੍ਰਧਾਨ ਪਰਮਜੀਤ ਸਚਦੇਵਾ ਨੇ ਦੱਸਿਆ ਕਿ ਹੁਣ ਤੱਕ ਲਗਭਗ 4,500 ਸ਼ਹਿਰ ਨਿਵਾਸੀਆਂ ਨੇ ਪਰਿਵਾਰਕ ਵਾਕ ਲਈ ਰਜਿਸਟ੍ਰੇਸ਼ਨ ਕਰਵਾਈ ਹੈ, ਅਤੇ ਰਜਿਸਟ੍ਰੇਸ਼ਨ ਹੁਣ ਬੰਦ ਹੋ ਗਈ ਹੈ। ਇਸ ਸਮੇਂ, ਡੀਸੀ... ਆਸ਼ਿਕਾ ਜੈਨ ਨੇ ਦੱਸਿਆ ਕਿ ਫੈਮਿਲੀ ਵਾਕ ਪਰਿਵਾਰਕ ਮੈਂਬਰਾਂ ਨੂੰ ਇਕੱਠੇ ਹੋਣ ਲਈ ਇੱਕ ਪਲੇਟਫਾਰਮ ਪ੍ਰਦਾਨ ਕਰੇਗਾ। ਇਸ ਨਾਲ ਨਾ ਸਿਰਫ਼ ਲੋਕਾਂ ਵਿੱਚ ਸਿਹਤ ਜਾਗਰੂਕਤਾ ਵਧੇਗੀ ਸਗੋਂ ਬੱਚਿਆਂ ਨੂੰ ਖੇਡਣ ਅਤੇ ਦੌੜਨ ਲਈ ਵੀ ਉਤਸ਼ਾਹਿਤ ਕੀਤਾ ਜਾਵੇਗਾ, ਜੋ ਕਿ ਅੱਜਕੱਲ੍ਹ ਇੱਕ ਬਹੁਤ ਜ਼ਰੂਰੀ ਰੁਝਾਨ ਹੈ। ਮੋਬਾਈਲ ਫੋਨਾਂ ਵਿੱਚ ਬੱਚਿਆਂ ਦੀ ਵਧਦੀ ਦਿਲਚਸਪੀ ਚਿੰਤਾ ਦਾ ਵਿਸ਼ਾ ਹੈ। ਇਸ ਲਈ, ਬੱਚਿਆਂ ਨੂੰ ਮੋਬਾਈਲ ਫੋਨਾਂ ਤੋਂ ਦੂਰ ਰੱਖਣ ਲਈ ਅਜਿਹੇ ਸਮਾਗਮਾਂ ਦਾ ਆਯੋਜਨ ਕਰਨਾ ਬਹੁਤ ਜ਼ਰੂਰੀ ਹੈ। ਡੀਸੀ ਆਸ਼ਿਕਾ ਜੈਨ ਨੇ ਫੈਮਿਲੀ ਵਾਕ ਦੌਰਾਨ ਕਲੱਬ ਦੇ ਮੈਂਬਰਾਂ ਨੂੰ ਸਿਵਲ ਅਤੇ ਪੁਲਿਸ ਪ੍ਰਸ਼ਾਸਨ ਵੱਲੋਂ ਪੂਰਾ ਸਮਰਥਨ ਦੇਣ ਦਾ ਭਰੋਸਾ ਦਿੱਤਾ। ਇਸ ਮੌਕੇ 'ਤੇ, ਪਰਮਜੀਤ ਸਚਦੇਵਾ ਨੇ ਕਿਹਾ ਕਿ ਰਜਿਸਟ੍ਰੇਸ਼ਨ ਹੁਣ ਬੰਦ ਹੋ ਗਈ ਹੈ, ਅਤੇ ਕਲੱਬ ਨੇ ਫੈਸਲਾ ਕੀਤਾ ਹੈ ਕਿ ਫੈਮਿਲੀ ਵਾਕ ਲਈ ਰਜਿਸਟਰ ਕਰਨ ਵਾਲੀਆਂ ਔਰਤਾਂ ਕੱਲ੍ਹ ਤੋਂ ਬੂਲਾਵਾੜੀ ਸਥਿਤ ਸਚਦੇਵਾ ਸਤਕਾਸ ਦੇ ਮੁੱਖ ਦਫਤਰ ਤੋਂ ਆਪਣੀਆਂ ਟੀ-ਸ਼ਰਟਾਂ ਪ੍ਰਾਪਤ ਕਰ ਸਕਦੀਆਂ ਹਨ। ਪਰਮਜੀਤ ਸਚਦੇਵਾ ਨੇ ਦੱਸਿਆ ਕਿ ਫੈਮਿਲੀ ਵਾਕ ਦੀਆਂ ਤਿਆਰੀਆਂ ਪੂਰੀਆਂ ਹੋ ਗਈਆਂ ਹਨ। ਉਨ੍ਹਾਂ ਦੱਸਿਆ ਕਿ ਇਹ ਫੈਮਿਲੀ ਵਾਕ ਮਰਹੂਮ ਐਥਲੀਟ ਫੌਜਾ ਸਿੰਘ ਨੂੰ ਸਮਰਪਿਤ ਹੈ। ਫੈਮਿਲੀ ਵਾਕ ਸਥਾਨਕ ਲਾਜਵੰਤੀ ਸਟੇਡੀਅਮ ਤੋਂ ਸ਼ੁਰੂ ਹੋਵੇਗਾ।

# ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਜਲਦ ਹੋਣ ਦੀਆਂ ਸੰਭਾਵਨਾਵਾਂ ਵਧੀਆਂ -ਅਮਨਦੀਪ ਸ਼ਰਮਾ

## 24 ਅਕਤੂਬਰ ਤੱਕ ਖਾਲੀ ਸਟੇਸ਼ਨਾਂ ਦੀ ਸੂਚੀ ਅਪਲੋਡ ਕਰਨ ਸਬੰਧੀ ਪੱਤਰ ਹੋਇਆ ਜਾਰੀ- ਬੱਛੋਆਣਾ

"Equality and justice"
Patiala 22 October
INTERNATIONAL PAPER, 94636 01616
hardipchumber57@gmail.com



ਮਾਨਸਾ 22ਅਕਤੂਬਰ (ਆਤਮਾ ਸਿੰਘ ਪਮਾਰ) ਪਿਛਲੇ ਲੰਮੇ ਸਮੇਂ ਤੋਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਹੋਣ ਸਬੰਧੀ ਰਾਹ ਪੱਧਰਾ ਹੁੰਦਾ ਵਿਖਾਈ ਦੇ ਰਿਹਾ ਹੈ। ਮੁੱਖ ਅਧਿਆਪਕ ਅਤੇ ਕੇਂਦਰ ਮੁੱਖ ਅਧਿਆਪਕ ਜਥੇਬੰਦੀ ਦੇ ਸੂਬਾਈ ਪ੍ਰਧਾਨ ਅਮਨਦੀਪ ਸ਼ਰਮਾ ਨੇ ਦੱਸਿਆ ਕਿ 2018 ਵਿੱਚ ਹੋਈਆਂ ਤਰੱਕੀਆਂ ਤੋਂ ਬਾਅਦ ਹੁਣ ਮਾਸਟਰ ਕਾਡਰ ਦੇ ਵੱਖ-ਵੱਖ ਵਿਸਿਆ ਪੰਜਾਬੀ ,ਹਿੰਦੀ, ਅੰਗਰੇਜ਼ੀ, ਸੋਸ਼ਲ ਸਾਇੰਸ ,ਗਣਿਤ ,ਸਾਇੰਸ, ਫਿਜੀਕਲ ਐਜੂਕੇਸ਼ਨ ਦੀਆਂ ਵੱਡੇ ਪੱਧਰ ਤੇ ਤਰੱਕੀਆਂ ਹੋਣ ਦੀਆਂ ਸੰਭਾਵਨਾਵਾਂ ਬਣ ਗਈਆਂ ਹਨ। ਉਹਨਾਂ ਦੱਸਿਆ ਕਿ ਇਹਨਾਂ ਤਰੱਕੀਆਂ ਵਿੱਚ 2015 ਅਤੇ 2018 ਦੇ ਲੈਫਟ ਆਊਟ ਕੇਸ ਅਧਿਆਪਕ ਵੀ ਵਿਚਾਰੇ ਜਾਣੇ ਹਨ। ਪ੍ਰਾਇਮਰੀ ਤੋਂ ਮਾਸਟਰ ਕਾਰਡਰ ਦੀਆਂ ਤਰੱਕੀਆਂ ਵਿੱਚ ਹੈਡ ਟੀਚਰ ਨੂੰ 4% ਅਤੇ ਸੈਂਟਰ ਹੈਡ ਟੀਚਰ ਨੂੰ ਵੱਖਰਾ 1% ਕੋਟਾ ਦੇ ਕੇ ਪਹਿਲੀ ਵਾਰ ਤਰੱਕੀਆਂ ਕੀਤੀਆਂ ਜਾ ਰਹੀਆਂ ਹਨ। ਜੱਥੇਬੰਦੀ ਵੱਲੋਂ ਪਿਛਲੇ ਲੰਮੇ ਸਮੇਂ ਤੋਂ ਪ੍ਰਾਇਮਰੀ ਤੋਂ ਮਾਸਟਰ ਕਾਡਰ ਤਰੱਕੀਆਂ ਦੀ ਮੰਗ ਕੀਤੀ ਜਾ ਰਹੀ ਸੀ।

ਜਥੇਬੰਦੀ ਦੇ ਸੂਬਾਈ ਪ੍ਰਚਾਰ ਸਕੱਤਰ ਗੁਰਜੰਟ ਸਿੰਘ ਬੱਛੋਆਣਾ ਨੇ ਦੱਸਿਆ ਕਿ ਪ੍ਰਾਇਮਰੀ ਤੋਂ ਮਾਸਟਰ ਕਾਡਰ ਦੀਆਂ ਤਰੱਕੀਆਂ ਸਬੰਧੀ 24 ਅਕਤੂਬਰ ਤੱਕ ਖਾਲੀ ਅਸਾਮੀਆਂ ਦੀ ਸੂਚੀ ਅਪਡੇਟ ਕਰਨ ਨੂੰ ਸੰਬੰਧੀ ਗੂਗਲ ਫਾਰਮ ਸ਼ੇਅਰ ਕੀਤਾ ਜਾ ਚੁੱਕਾ ਹੈ। ਉਨਾਂ ਉਮੀਦ ਪ੍ਰਗਟਾਈ ਕਿ ਇਸੇ ਮਹੀਨੇ ਹੀ ਅਧਿਆਪਕਾਂ ਦੀਆਂ ਤਰੱਕੀਆਂ ਹੋ ਸਕਦੀਆਂ ਹਨ, ਆਗੂਆਂ ਨੇ ਸਰਕਾਰ ਤੋਂ ਮੰਗ ਕੀਤੀ ਕੀਤੀ ਕਿ ਤਰੱਕੀਆਂ ਜਲਦ ਤੋਂ ਜਲਦ ਕੀਤੀਆਂ ਜਾਣ।

ਐਵੇਂ ਤਾਂ ਨੀ ਸਿਰਾਂ ਦੇ ਉੱਤੇ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਸੁੱਤਿਆਂ ਦੇ ਸਿਰਾਂ ਤੇ ਨੀ ਤਾਜ ਸਜ਼ਦੇ, ਮਿਹਨਤਾਂ ਹੀ, ਜ਼ਿੰਦਗੀ ਚ ਰੰਗ ਲਾਉਂਦੀਆਂ।
ਜਿਹਨਾਂ ਦਿਆਂ ਸਿਰਾਂ ਤੇ ਜਨੂੰਨ ਬੋਲਦਾ, ਰਾਤਾਂ ਨੂੰ ਨਾਂ, ਉਹਨਾਂ ਨੂੰ ਨੀਂਦਾਂ ਆਉਂਦੀਆਂ।

"Equality and justice"
Patiala 22 October
INTERNATIONAL PAPER, 94636 01616
hardipchumber57@gmail.com

# ਖਾਮੋਸ਼ ਚੀਖ: ਬਚਪਨ ਦੀ ਚੋਰੀ ਹੋਈ ਮਾਸੂਮੀਅਤ"



ਜਗਤਾਰ ਸਿੰਘ ਲਾਡੀ
9463603091

ਭਾਰਤ ਦੀ ਤੇਜ਼ੀ ਨਾਲ ਉੱਭਰਦੀ ਅਰਥਵਿਵਸਥਾ, ਤਕਨਾਲੋਜੀਕਲ ਵਿਕਾਸ ਅਤੇ ਗਲੋਬਲ ਮਾਣ ਦੇ ਦਰਮਿਆਨ ਇਕ ਅਜਿਹਾ ਖੇਤਰ ਹੈ ਜਿੱਥੇ ਤਰੱਕੀ ਦੇ ਦਾਅਵੇ ਰੁਕ ਜਾਂਦੇ ਹਨ — ਉਹ ਹੈ ਬੱਚਿਆਂ ਦੀ ਸੁਰੱਖਿਆ। ਕੋਈ ਵੀ ਦੇਸ਼ ਜਿੰਨ੍ਹਾਂ ਮਰਜ਼ੀ ਤਰੱਕੀ ਕਰ ਲਵੇ ਜੇਕਰ ਆਪਣੇ ਨਾਗਰਿਕਾਂ ਦੀ ਸੁਰੱਖਿਆ ਨਹੀਂ ਕਰ ਸਕਦਾ ਤਾਂ ਤਰੱਕੀ ਦਾ ਕੋਈ ਫਾਇਦਾ ਨਹੀਂ।

ਚਾਈਲਡਲਾਈਟ ਗਲੋਬਲ ਚਾਈਲਡ ਸੇਫਟੀ ਇੰਸਟੀਚਿਊਟ ਦੁਆਰਾ ਜਾਰੀ ਕੀਤੀ ਗਈ ਰਿਪੋਰਟ ਜਿਸ ਦਾ ਨਾਂ "ਇਨਟੂ ਦ ਲਾਈਟ ਇੰਡੈਕਸ 2025" ਹੈ।ਇਸ ਰਿਪੋਰਟ ਨੇ ਭਾਰਤ ਦੀ ਚਿੰਤਾਜਨਕ ਹਕੀਕਤ ਨੂੰ ਸਾਹਮਣੇ ਲਿਆਂਦਾ ਹੈ।

ਇਸ ਰਿਪੋਰਟ ਵਿੱਚ ਪੰਜ ਸਾਲ, 2017 ਤੋਂ 2022 ਦੇ ਵਿਚਕਾਰ POCSO (Protection of Children from Sexual Offences Act) ਜੋਂ ਕਿ ਬੱਚਿਆਂ ਦੀ ਸੁਰੱਖਿਆ ਲਈ ਬਣਿਆ ਹੈ।ਦੇ ਤਹਿਤ ਦਰਜ ਕੀਤੇ ਗਏ ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਵਿੱਚ ਲਗਭਗ ਪ੍ਰਤੀਸ਼ਤ ਦਾ ਵਾਧਾ ਹੋਇਆ ਹੈ — ਜੋ ਕਿ 2017 ਵਿੱਚ ਲਗਭਗ 33,000ਕੇਸਾਂ ਤੋਂ ਵਧ ਕੇ 2022 ਵਿੱਚ ਲਗਭਗ 64,500 ਕੇਸਾਂ ਤੱਕ ਪਹੁੰਚ ਗਏ ਹਨ। ਇਹ ਗਿਣਤੀ ਪੈਰਾਂ ਹੇਠ ਜ਼ਮੀਨ ਖਿਸਕਾਉਣ ਵਾਲੀ ਹੈ।

ਇਹ ਸਿਰਫ਼ ਇੱਕ ਅੰਕੜਾ ਨਹੀਂ, ਬਲਕਿ ਹਰ ਉਹ ਮਾਸੂਮ ਆਤਮਾ ਦੀ ਕਹਾਣੀ ਹੈ ਜਿਸਨੇ ਵਿਸ਼ਵਾਸ ਦੇ ਸਭ ਤੋਂ ਨੇੜਲੇ ਸਰੋਤ ਤੋਂ ਧੋਖਾ ਸ਼ਿਕਾਰ ਹੋ ਗਿਆ।

ਭਾਰਤ ਦੀਆਂ ਪੀੜ੍ਹਾਂ ਦਾ ਵਿਸ਼ਲੇਸ਼ਣ ਕਰੀਏ ਤਾਂ ਇਸ ਡਰਾਉਣੇ ਵਾਧੇ ਦੇ ਬਾਵਜੂਦ, ਇੱਕ ਹੈਰਾਨੀਜਨਕ ਤੱਥ ਇਹ ਹੈ ਕਿ ਭਾਰਤ ਦੀ ਮੁਕੱਦਮਾ ਚਲਾਉਣ ਦੀ ਦਰ (Prosecution Rate) 90 ਪ੍ਰਤੀਸ਼ਤ ਤੋਂ ਉੱਪਰ ਬਣੀ ਰਹੀ ਹੈ।

ਇਹ ਦਰਸਾਉਂਦਾ ਹੈ ਕਿ ਕਾਨੂੰਨੀ ਪ੍ਰਣਾਲੀ ਦੀ ਪਕੜ ਅਤੇ ਰਿਪੋਰਟਿੰਗ ਵਿਧੀਆਂ ਮਜ਼ਬੂਤ ਹੋ ਰਹੀਆਂ ਹਨ। ਪਰ ਕੀ ਇਹ ਕਾਫ਼ੀ ਹੈ?

ਇਹ ਬਿਹਤਰ ਰਿਪੋਰਟਿੰਗ ਪ੍ਰਣਾਲੀ ਅਤੇ ਸਮਾਜਕ ਜਾਗਰੂਕਤਾ ਦਾ ਸੰਕੇਤ ਵੀ ਹੈ।

ਅੱਜ ਲੋਕ, ਖਾਸਕਰ ਮਾਪੇ ਅਤੇ ਅਧਿਆਪਕ, ਬੱਚਿਆਂ ਦੀ ਸੁਰੱਖਿਆ ਲਈ ਜਾਗਰੂਕ ਹੋ ਰਹੇ ਹਨ। ਪਰ ਇਸ ਨਾਲ ਨਾਲ ਇਹ ਵੀ ਸੱਚ ਹੈ ਕਿ ਜੁਰਮ ਦੀ ਜੜ੍ਹ ਹਾਲੇ ਵੀ ਗਹਿਰੀ ਹੈ।

ਸਮੁੱਚੇ ਦੱਖਣੀ ਏਸ਼ੀਆ ਦੀ ਡਰਾਉਣੀ ਹਕੀਕਤ ਦੀ ਗੱਲ ਕਰੀਏ ਤਾਂ ਇਸ ਰਿਪੋਰਟ ਵਿੱਚ ਦੱਖਣੀ ਏਸ਼ੀਆ ਦੇ ਤਿੰਨ ਦੇਸ਼ — ਭਾਰਤ, ਨੇਪਾਲ ਅਤੇ ਸ੍ਰੀਲੰਕਾ — ਸ਼ਾਮਲ ਕੀਤੇ ਗਏ। ਸਰਵੇਖਣ ਅਨੁਸਾਰ, ਇਨ੍ਹਾਂ ਦੇਸ਼ਾਂ ਵਿੱਚੋਂ ਅੱਠ ਵਿੱਚੋਂ ਇੱਕ ਬੱਚਾ ਆਪਣੀ 18 ਸਾਲ ਦੀ ਉਮਰ ਤੋਂ ਪਹਿਲਾਂ ਜਿਨਸੀ ਹਮਲੇ ਜਾਂ ਬਲਾਤਕਾਰ ਦਾ ਸ਼ਿਕਾਰ ਹੋਣ ਦੀ ਰਿਪੋਰਟ ਕਰਦਾ ਹੈ। ਅਸੀਂ ਜਾ ਕਿਧਰ ਰਹੇ ਹਾਂ।ਇਹ ਵੀ ਪਤਾ ਲੱਗਦਾ ਹੈ ਇਸ ਤੇ ਭਾਰਤ ਹੀ ਪੀੜਿਤ ਨਹੀਂ ਹੋਰ ਪਾਸੇ ਵੀ ਹਾਲ ਮਾੜਾ ਹੀ ਹੈ।

ਇਹ ਅੰਕੜਾ ਕਈ ਮਿਲੀਅਨ ਵਿੱਚ ਚਲਿਆਂ ਜਾਂਦਾ ਹੈ ਜੋ ਬੱਚਿਆਂ ਦੀ ਪੀੜਾ ਨੂੰ ਦਰਸਾਉਂਦਾ ਹੈ — ਜੋ ਕਿਸੇ ਵੀ ਮਹਾਂਮਾਰੀ ਤੋਂ ਘੱਟ ਨਹੀਂ।

ਚਾਈਲਡਲਾਈਟ ਇੰਸਟੀਚਿਊਟ ਨੇ ਇਸ ਹਾਲਾਤ ਨੂੰ "ਵਿਸ਼ਵਵਿਆਪੀ ਅਨੁਪਾਤ ਦੀ ਮਨੁੱਖੀ ਤ੍ਰਾਸਦੀ" ਕਿਹਾ ਹੈ।

ਇਹ ਸ਼ਬਦ ਸਿਰਫ਼ ਰਿਪੋਰਟ ਦੀ ਭਾਸ਼ਾ ਨਹੀਂ, ਸਾਡੀ ਚੁੱਪ ਦਾ ਸ਼ੀਸ਼ਾ ਹਨ। ਜੋ ਸਾਨੂੰ ਹਲਾਤਾਂ ਤੋਂ ਜਾਣੂ ਕਰਵਾਉਂਦੇ ਹਨ।

ਡਿਜ਼ਿਟਲ ਯੁੱਗ ਦਾ ਨਵਾਂ ਖਤਰਾ ਮੰਡਰਾ ਰਿਹਾ ਹੈ। ਤਕਨਾਲੋਜੀ ਦੇ ਵਿਕਾਸ ਨੇ ਜਿੱਥੇ ਮਨੁੱਖਤਾ ਨੂੰ ਆਸਾਨੀ ਦਿੱਤੀ ਹੈ, ਉਥੇ ਹੀ ਡਿਜ਼ਿਟਲ ਸ਼ੋਸ਼ਣ ਦੀ ਇੱਕ ਨਵੀਂ ਦਿਸ਼ਾ ਵੀ ਖੋਲ੍ਹ ਦਿੱਤੀ ਹੈ। ਇਸ ਨਾਲ ਇੱਕ ਨਵੀਂ ਸਮੱਸਿਆ ਸਾਹਮਣੇ ਆ ਰਹੀ ਹੈ।

2024 ਵਿੱਚ ਭਾਰਤ, ਬੰਗਲਾਦੇਸ਼ ਅਤੇ ਪਾਕਿਸਤਾਨ ਦੱਖਣੀ ਏਸ਼ੀਆ ਵਿੱਚ ਬਾਲ ਜਿਨਸੀ ਸ਼ੋਸ਼ਣ ਸਮੱਗਰੀ (CSAM) ਦੇ ਸਭ ਤੋਂ ਵੱਡੇ ਸਰੋਤ ਬਣੇ। ਇਕੱਲੇ ਭਾਰਤ ਨੇ ਹੀ ਵਿਸ਼ਵ ਮਾਨੀਟਰਾਂ ਨੂੰ 2.25 ਮਿਲੀਅਨ ਕੇਸਾਂ ਦੀ ਰਿਪੋਰਟ ਦਿੱਤੀ।

ਇਸਦੇ ਨਾਲ ਹੀ, ਭਾਰਤ ਵਿੱਚ CSAM ਦੀ ਉਪਲਬਧਤਾ ਦਰ ਪ੍ਰਤੀ 10,000 ਲੋਕਾਂ ਵਿੱਚ 15.5 ਰਿਪੋਰਟਾਂ ਦੀ ਰਹੀ — ਜੋ ਦਰਸਾਉਂਦੀ ਹੈ ਕਿ ਖੋਜ ਅਤੇ ਰਿਪੋਰਟਿੰਗ ਪ੍ਰਣਾਲੀਆਂ ਕਾਫ਼ੀ ਮਜ਼ਬੂਤ ਹਨ।

ਪਰ ਇਹ ਵੀ ਸੱਚ ਹੈ ਕਿ ਨਕਲੀ ਬੁੱਧੀ (Artificial Intelligence) ਦੀ ਵਰਤੋਂ ਨਾਲ ਨਕਲੀ ਬੱਚਿਆਂ ਦੀ ਅਸ਼ਲੀਲ ਸਮੱਗਰੀ ਬਣਾਉਣ ਵਿੱਚ ਵੱਡਾ ਵਾਧਾ (2023 ਤੋਂ 2024 ਦੇ ਵਿਚਕਾਰ) ਦਰਜ ਕੀਤਾ ਗਿਆ। ਇਸ ਵਿੱਚ ਬੱਚਿਆਂ ਅਸ਼ਲੀਲ ਵੀਡੀਓ ਬਣਾਈਆਂ ਜਾਂਦੀਆਂ ਹਨ।




ਇਹ ਰੁਝਾਨ ਭਵਿੱਖ ਵਿੱਚ ਤਕਨਾਲੋਜੀ ਦੀ ਨੈਤਿਕ ਸੀਮਾਵਾਂ ਤੇ ਸਵਾਲ ਖੜ੍ਹੇ ਕਰਦਾ ਹੈ।ਜਿਸ ਨਾਲ ਆਉਣ ਵਾਲੀ ਪੀੜ੍ਹੀ ਦਾ ਭਵਿੱਖ ਚਿੰਤਾ ਦਾ ਵਿਸ਼ਾ ਹੈ।

ਵੱਡੀਆਂ ਟੈਕ ਕੰਪਨੀਆਂ ਦੀ ਜ਼ਿੰਮੇਵਾਰੀ ਵੀ ਠੀਕ ਨਹੀਂ ਹੈ।

ਰਿਪੋਰਟ ਨੇ ਸਪਸ਼ਟ ਤੌਰ 'ਤੇ ਕਿਹਾ ਕਿ ਵੱਡੀਆਂ ਤਕਨਾਲੋਜੀ ਕੰਪਨੀਆਂ ਜਿਵੇਂ ਮੈਟਾ, ਵਾਟਸਐਪ, ਟੈਲੀਗ੍ਰਾਮ ਅਤੇ ਹੋਰ, ਜਦੋਂ ਐਂਡ-ਟੂ-ਐਂਡ ਐਨਕ੍ਰਿਪਸ਼ਨ ਬਿਨਾਂ ਸੁਰੱਖਿਆ ਪ੍ਰਬੰਧਾਂ ਦੇ ਲਾਗੂ ਕਰਦੀਆਂ ਹਨ, ਤਾਂ ਇਹ ਦੁਰਵਰਤੋਂ ਦੇ ਰਸਤੇ ਖੋਲ੍ਹ ਦਿੰਦੀਆਂ ਹਨ। ਛੋਟੇ ਬੱਚਿਆਂ ਲਈ ਇਸ ਦਾ ਕੋਈ ਸਿਸਟਮ ਹੋਣਾ ਚਾਹੀਦਾ ਹੈ।

ਇਹ ਸਵਾਲ ਜਾਇਜ਼ ਹੈ ਕਿ ਜਦੋਂ ਕੰਪਨੀਆਂ ਗੁਪਤਤਾ ਦੀ ਰੱਖਿਆ ਦੇ ਨਾਂ 'ਤੇ ਅਪਰਾਧਾਂ ਨੂੰ ਛੁਪਾਉਣ ਦਾ ਮੌਕਾ ਦਿੰਦੀਆਂ ਹਨ, ਤਾਂ ਉਹ ਸਮਾਜ ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਕਿਵੇਂ ਬਚ ਸਕਦੀਆਂ ਹਨ?

ਕਾਨੂੰਨੀ ਢਾਂਚਾ ਅਤੇ ਇਸਦੀ ਹਕੀਕਤ ਕੀ ਹੈ ਇਹ ਵੀ ਦੇਖਣ ਵਾਲਾ ਹੈ।

POCSO ਐਕਟ 2012 ਬੱਚਿਆਂ ਵਿਰੁੱਧ ਜਿਨਸੀ ਸ਼ੋਸ਼ਣ ਨੂੰ ਰੋਕਣ ਲਈ ਇੱਕ ਇਤਿਹਾਸਕ ਕਦਮ ਸੀ।

ਇਸ ਐਕਟ ਅਧੀਨ ਬੱਚਿਆਂ ਨਾਲ ਜਿਨਸੀ ਦੁਰਵਿਵਹਾਰ, ਸ਼ੋਸ਼ਣ, ਅਸ਼ਲੀਲਤਾ ਤੇ ਪੋਰਨੋਗ੍ਰਾਫੀ ਵਰਗੇ ਹਰ ਅਪਰਾਧ ਲਈ ਸਖ਼ਤ ਸਜ਼ਾ ਦਾ ਪ੍ਰਬੰਧਹੈ।

ਪਰ ਜ਼ਮੀਨੀ ਹਕੀਕਤ ਅਜੇ ਵੀ ਕਾਫ਼ੀ ਕਠਿਨ ਹੈ — ਕੇਸਾਂ ਦੀ ਲੰਬੀ ਸੁਣਵਾਈ, ਸਬੂਤ ਇਕੱਠੇ ਕਰਨ ਦੀ ਕਮੀ, ਸਮਾਜਕ ਦਬਾਅ, ਅਤੇ ਕਈ ਵਾਰ ਮੁਕੱਦਮੇ ਵਾਪਸ ਲੈਣ ਦੀ ਮਜ਼ਬੂਰੀ ਇਸ ਕਾਨੂੰਨ ਦੀ ਪ੍ਰਭਾਵਸ਼ੀਲਤਾ ਘਟਾ ਦਿੰਦੇ ਹਨ।

ਇਸਦੇ ਬਾਵਜੂਦ, 90% ਤੋਂ ਵੱਧ ਪ੍ਰੋਸੀਕਿਊਸ਼ਨ ਦਰ ਦਰਸਾਉਂਦੀ ਹੈ ਕਿ ਨਿਆਂ ਪ੍ਰਣਾਲੀ ਵਿੱਚ ਸੁਧਾਰ ਹੋ ਰਹੇ ਹਨ ਅਤੇ ਬੱਚਿਆਂ ਦੀ ਅਵਾਜ਼ ਹੌਲੀ-ਹੌਲੀ ਸੁਣੀ ਜਾ ਰਹੀ ਹੈ।

ਇਸ ਸਾਰੇ ਲਈ ਬਹੁਤ ਸਾਰੇ ਸਮਾਜਿਕ ਕਾਰਨ ਵੀ ਜ਼ਿੰਮੇਵਾਰ ਸਾਰੇ ਹਨ ਇਹ ਘਰਾਂ ਦੇ ਅੰਦਰ ਲੁਕਿਆ ਅਪਰਾਧ ਵੀ ਹੈ।

ਬੱਚਿਆਂ ਵਿਰੁੱਧ ਜਿਨਸੀ ਅਪਰਾਧਾਂ ਵਿੱਚ ਸਭ ਤੋਂ ਚਿੰਤਾਜਨਕ ਤੱਥ ਇਹ ਹੈ ਕਿ ਬਹੁਤ ਸਾਰੇ ਅਪਰਾਧ ਘਰਾਂ ਦੇ ਅੰਦਰ ਹੀ ਹੁੰਦੇ ਹਨ। ਰਿਸ਼ਤੇਦਾਰ, ਪੜੋਸੀ ਜਾਂ ਜਾਣ-ਪਹਿਚਾਣ ਵਾਲੇ ਵਿਅਕਤੀ — ਜਿਨ੍ਹਾਂ 'ਤੇ ਬੱਚੇ ਸਭ ਤੋਂ ਵੱਧ ਭਰੋਸਾ ਕਰਦੇ ਹਨ — ਕਈ ਵਾਰ ਉਹੀ ਦੋਸ਼ੀ ਨਿਕਲਦੇ ਹਨ। ਇਹ ਸਮਾਜ ਦੇ ਨਿਘਾਰ ਦਾ ਸੰਕੇਤ ਵੀ ਹਨ। ਜਿਵੇਂ ਜਿਵੇਂ ਸਮਾਜ ਤਰੱਕੀ ਕਰਦਾ ਜਾ ਰਿਹਾ ਹੈ ਪਹਿਲਾਂ ਨਾਲੋਂ ਇਹ ਅਪਰਾਧ ਵਧ ਗਏ ਹਨ। ਸਮਾਜ ਦੀ ਘਟੀਆਂ ਸੋਚ ਕਾਰਨ ਬੱਚੇ ਡਰ ਜਾਂ ਸ਼ਰਮ ਕਾਰਨ ਚੁੱਪ ਰਹਿੰਦੇ ਹਨ।ਸਮਾਜਿਕ ਤੌਰ 'ਤੇ ਵੀ "ਜਿਨਸੀ ਸ਼ੋਸ਼ਣ" 'ਤੇ ਖੁੱਲ੍ਹ ਕੇ ਗੱਲ ਕਰਨ ਨੂੰ ਅਜੇ ਵੀ ਮਾੜਾ ਮੰਨਿਆ ਜਾਂਦਾ ਹੈ। ਸਾਡੀ ਸਿੱਖਿਆ, ਸਰਕਾਰ,ਸਮਾਜ ਇਸ ਤੇ ਗੱਲ ਕਰਨ ਨੂੰ ਤਿਆਰ ਨਹੀਂ।

ਇਸ ਚੁੱਪੀ ਨੂੰ ਤੋੜਣਾ ਸਭ ਤੋਂ ਵੱਡੀ ਲੋੜ ਹੈ। ਬੱਚੇ ਆਪਣੀ ਗੱਲ ਕਹਿ ਸਕਣ।ਸਮੇਂ ਦੀ ਵੱਡੀ ਲੋੜ ਹੈ।

ਇਸ ਦੇ ਮਨੋਵਿਗਿਆਨਕ ਪ੍ਰਭਾਵ ਵੀ ਪੈਂਦੇ ਹਨ। ਇਹ ਜੀਵਨ-ਭਰ ਦੀ ਚੋਟ ਹੁੰਦੀ ਹੈ।

ਜਿਨਸੀ ਸ਼ੋਸ਼ਣ ਸਿਰਫ਼ ਸਰੀਰਕ ਜ਼ਖ਼ਮ ਨਹੀਂ ਦਿੰਦਾ; ਇਹ ਮਨ ਦੇ ਅੰਦਰ ਇੱਕ ਅਦ੍ਰਿਸ਼ ਚੋਟ ਛੱਡ ਜਾਂਦਾ ਹੈ। ਜਿਸ ਤੋਂ ਪੀੜਤ ਬੱਚਾ ਸਾਰੀ ਉਮਰ ਬਾਹਰ ਨਹੀਂ ਆ ਸਕਦਾ।ਪਿਛਲੇ ਦਿਨ ਇੱਕ ਇੰਜਨੀਅਰ ਬੱਚੇ ਨੇ ਮੌਤ ਨੂੰ ਗਲੇ ਲਗਾ ਲਿਆ।ਜਿਸ ਵਿਚ ਇੱਕ ਵੱਡੀ ਸੰਸਥਾ ਦੇ ਮੈਂਬਰ ਉਸ ਨਾਲ ਕ੍ਰਿਤਘਣ ਕੰਮ ਕਰਦੇ ਰਹੇ। ਉਹ ਬੱਚਾ ਇਸ ਚੀਜ਼ ਤੋਂ ਬਾਹਰ ਨਹੀਂ ਨਿਕਲ ਸਕਿਆ।ਉਸ ਨੇ ਮੌਤ ਗਲੇ ਲਾ ਲਈ।

ਪੀੜਤ ਬੱਚੇ ਅਕਸਰ ਡਿਪ੍ਰੈਸ਼ਨ, PTSD (Post-Traumatic Stress Disorder), ਭਰੋਸੇ ਦੀ ਕਮੀ, ਅਤੇ ਸਮਾਜ ਤੋਂ ਡਰ ਨਾਲ ਜੀਉਂਦੇ ਹਨ। ਉਹ ਬੇਹੱਦ ਮਾੜੀ ਹਾਲਤ ਵਿੱਚ ਚਲੇ ਜਾਂਦੇ ਹਨ।

ਇਹਨਾਂ ਲਈ ਸਿਰਫ਼ ਨਿਆਂ ਹੀ ਕਾਫ਼ੀ ਨਹੀਂ; ਉਨ੍ਹਾਂ ਨੂੰ ਮਨੋਵਿਗਿਆਨਕ ਸਹਾਇਤਾ, ਸੁਰੱਖਿਅਤ ਥਾਂ, ਅਤੇ ਦੁਬਾਰਾ ਵਿਸ਼ਵਾਸ ਬਣਾਉਣ ਦਾ ਮੌਕਾ ਚਾਹੀਦਾ ਹੈ।

ਤਾਂ ਕਿ ਉਹ ਸਮਾਜ ਵਿਚ ਆਮ ਜ਼ਿੰਦਗੀ ਜਿਉਂ ਸਕਣ। ਸਮਾਜ ਨੂੰ ਸੋਚ ਬਦਲਣੀ ਪਵੇਗੀ।

ਸਰਕਾਰ ਅਤੇ ਸੰਗਠਨਾਂ ਨੂੰ ਆਪਣੀ ਭੂਮਿਕਾ ਨਿਭਾਉਣੀ ਪਵੇਗੀ। ਉਹ ਨੂੰ ਬਣਦਾ ਕਾਰਜ ਕਰਨ ਦੀ ਲੋੜ ਹੈ।

ਬੇਸ਼ਕ ਭਾਰਤ ਸਰਕਾਰ ਵੱਲੋਂ ਕਈ ਕਦਮ ਚੁੱਕੇ ਗਏ ਹਨ । ਜਿੰਨ੍ਹਾਂ ਵਿੱਚ 1098 ਚਾਈਲਡਲਾਈਨ ਹੈਲਪਲਾਈਨ, ਸਾਈਬਰ ਕ੍ਰਾਈਮ ਰਿਪੋਰਟਿੰਗ ਪੋਰਟਲ,

NCPCR (National Commission for Protection of Child Rights) ਦੀਆਂ ਗਤੀਵਿਧੀਆਂ,ਅਤੇ ਸਰਕਾਰਾਂ ਦੁਆਰਾ "ਬੇਟੀ ਬਚਾਓ, ਬੇਟੀ ਪੜ੍ਹਾਓ" ਵਰਗੀਆਂ ਮੁਹਿੰਮਾਂ। ਬੱਚੀਆਂ ਲਈ ਕੋਸ਼ਿਸ਼ ਕੀਤੀ ਜਾ ਰਹੀ ਹੈ।

ਇਸਦੇ ਨਾਲ-ਨਾਲ ਗੈਰ-ਸਰਕਾਰੀ ਸੰਗਠਨ ਜਿਵੇਂ ਬਚਪਨ ਬਚਾਓ ਅੰਦੋਲਨ, ਚਾਈਲਡ ਫੰਡ ਇੰਡੀਆ, ਆਦਿ ਵੀ ਜਾਗਰੂਕਤਾ ਫੈਲਾਉਣ ਤੇ ਬੱਚਿਆਂ ਦੀ ਸੁਰੱਖਿਆ ਲਈ ਕੰਮ ਕਰ ਰਹੇ ਹਨ।

ਪਰ ਅਜੇ ਵੀ ਇਹ ਯਤਨ ਪਿੰਡ ਪੱਧਰ ਤੱਕ ਪਹੁੰਚਣ ਦੀ ਲੋੜ ਹੈ। ਘਰ ਘਰ ਤੱਕ ਵੀ ਅਵਾਜ਼ ਪਹੁੰਚਾਉਣ ਦੀ ਜ਼ਰੂਰਤ ਹੈ।

ਦੇਸ਼ਾਂ ਨੂੰ ਬਾਲ ਜਿਨਸੀ ਸ਼ੋਸ਼ਣ ਅਤੇ ਦੁਰਵਿਵਹਾਰ (CSEA) ਨੂੰ ਜਨਤਕ ਸਿਹਤ ਐਮਰਜੈਂਸੀ ਮੰਨਣ ਦੀ ਅਪੀਲ ਕੀਤੀ ਗਈ ਹੈ।

ਜਿਵੇਂ ਦੁਨੀਆ ਨੇ HIV/AIDS ਜਾਂ COVID-19 ਨਾਲ ਜੰਗ ਲੜੀ, ਉਵੇਂ ਹੀ ਇਸ ਮਾਮਲੇ ਵਿੱਚ ਵੀ ਇਕ ਵਿਸ਼ਵ ਪੱਧਰੀ ਤੁਰੰਤ ਕਾਰਵਾਈ ਦੀ ਲੋੜ ਹੈ।

ਚਾਈਲਡਲਾਈਟ ਦੇ CEO ਅਤੇ ਸਾਬਕਾ ਇੰਟਰਪੋਲ ਡਾਇਰੈਕਟਰ ਪਾਲ ਸਟੈਨਫੀਲਡ ਕਹਿੰਦੇ ਹਨ:

"ਹਰ ਅੰਕੜੇ ਦੇ ਪਿੱਛੇ ਇੱਕ ਬੱਚਾ ਹੈ ਜਿਸਦੀ ਸੁਰੱਖਿਆ, ਮਾਣ ਅਤੇ ਭਵਿੱਖ ਚੋਰੀ ਹੋ ਗਿਆ ਹੈ। ਪਰ ਜੇ ਅਸੀਂ ਹੁਣੇ ਕਾਰਵਾਈ ਕਰੀਏ, ਤਾਂ ਇਸ ਸੰਕਟ ਨੂੰ ਰੋਕਿਆ ਜਾ ਸਕਦਾ ਹੈ। ਬੱਚੇ ਇੰਤਜ਼ਾਰ ਨਹੀਂ ਕਰ ਸਕਦੇ।"

ਇਹ ਬਿਆਨ ਸਿਰਫ਼ ਅਪੀਲ ਨਹੀਂ, ਸਾਡੇ ਸਮਾਜ ਲਈ ਇਕ ਸਪਸ਼ਟ ਚੇਤਾਵਨੀ ਹੈ।

ਜੇਕਰ ਹੱਲ ਦੀ ਗੱਲ ਕਰੀਏ ਤਾਂ ਸਕੂਲੀ ਸਿੱਖਿਆ ਵਿੱਚ ਸੁਰੱਖਿਆ ਪਾਠਕ੍ਰਮ ਸਕੂਲ ਵਿੱਚ "ਗੁੱਡ ਟੱਚ, ਬੈਡ ਟੱਚ" ਬਾਰੇ ਬੱਚਿਆਂ ਨੂੰ ਸਿੱਖਾਉਣਾ ਲਾਜ਼ਮੀ ਹੋਣਾ ਚਾਹੀਦਾ ਹੈ।

ਡਿਜ਼ਿਟਲ ਮਾਨੀਟਰਿੰਗ ਪ੍ਰਣਾਲੀ ਮਜ਼ਬੂਤ ਕਰਨੀ ਚਾਹੀਦੀ ਹੈ।

ਸੋਸ਼ਲ ਮੀਡੀਆ ਕੰਪਨੀਆਂ ਨੂੰ ਕਾਨੂੰਨੀ ਤੌਰ 'ਤੇ CSAM ਸਮੱਗਰੀ ਹਟਾਉਣ ਲਈ ਜ਼ਿੰਮੇਵਾਰ ਬਣਾਉਣਾ ਚਾਹੀਦਾ ਹੈ।

ਮਨੋਵਿਗਿਆਨਕ ਸਹਾਇਤਾ ਕੇਂਦਰਾਂ ਦੀ ਸਥਾਪਨਾ ਕੀਤੀ ਜਾਵੇ ਤਾਂ ਕਿ ਪੀੜਤ ਨੂੰ ਮਾਨਸਿਕ ਰੂਪ ਵਿਚ ਮਜ਼ਬੂਤੀ ਦਿਤੀ ਜਾ ਸਕੇ। ਹਰ ਜ਼ਿਲ੍ਹੇ ਵਿੱਚ ਕਾਉਂਸਲਿੰਗ ਸੈਂਟਰ ਹੋਣੇ ਚਾਹੀਦੇ ਹਨ ਜੋ ਪੀੜਤ ਬੱਚਿਆਂ ਨੂੰ ਸੁਰੱਖਿਅਤ ਵਾਤਾਵਰਣ ਪ੍ਰਦਾਨ ਕਰ ਸਕਣ।

ਫਾਸਟ-ਟ੍ਰੈਕ ਅਦਾਲਤਾਂ ਦੀ ਕਾਰਵਾਈ ਤੇਜ਼ੀ ਨਾਲ ਚੱਲਣੀ ਚਾਹੀਦੀ ਹੈ।

ਜਿਨਸੀ ਸ਼ੋਸ਼ਣ ਦੇ ਕੇਸਾਂ ਲਈ ਵਿਸ਼ੇਸ਼ ਅਦਾਲਤਾਂ ਦੀ ਗਿਣਤੀ ਵਧਾਈ ਜਾਵੇ ਤਾਂ ਜੋ ਨਿਆਂ ਵਿੱਚ ਦੇਰੀ ਨਾ ਹੋਵੇ।

ਮਾਪਿਆਂ, ਅਧਿਆਪਕਾਂ ਅਤੇ ਧਾਰਮਿਕ ਆਗੂਆਂ ਨੂੰ ਇਸ ਮਸਲੇ 'ਤੇ ਖੁੱਲ੍ਹ ਕੇ ਗੱਲ ਕਰਨੀ ਚਾਹੀਦੀ ਹੈ। ਜਦ ਤਕ ਚੁੱਪੀ ਰਹੇਗੀ, ਅਪਰਾਧੀ ਬੇਫਿਕਰ ਰਹੇਗਾ। ਚੁੱਪ ਤੋੜਨ ਦੀ ਲੋੜ ਹੈ।

ਬੱਚੇ ਇੰਤਜ਼ਾਰ ਨਹੀਂ ਕਰ ਸਕਦੇ ਕਿ ਉਹਨਾਂ ਨਾਲ ਮਾੜਾ ਹੋਈ ਜਾਵੇ ਤੇ ਸਮਾਜ, ਸਰਕਾਰ ਕੋਈ ਕਾਰਵਾਈ ਨਾ ਕਰੇ।

ਭਾਰਤ ਨੇ ਬੱਚਿਆਂ ਵਿਰੁੱਧ ਜੁਰਮਾਂ ਦੀ ਰਿਪੋਰਟਿੰਗ, ਕਾਨੂੰਨੀ ਕਾਰਵਾਈ ਅਤੇ ਨਿਆਂ ਪ੍ਰਣਾਲੀ ਦੇ ਮਾਮਲੇ ਵਿੱਚ ਬੇਹਤਰੀ ਦਰਸਾਈ ਹੈ। ਪਰ ਅਜੇ ਵੀ ਇਹ ਸਿਰਫ਼ ਸ਼ੁਰੂਆਤ ਹੈ।

ਹਰ ਬੱਚਾ ਜਿਸਦਾ ਬਚਪਨ ਲੁੱਟ ਲਿਆ ਗਿਆ ਹੈ, ਉਹ ਸਾਡੇ ਸਮਾਜ ਦੀ ਅਸਫਲਤਾ ਦਾ ਸਬੂਤ ਹੈ।ਸਾਡੇ ਸਿਸਟਮ ਦਾ ਫੇਲੀਅਰ ਹੈ।ਜੇ ਅਸੀਂ ਹੁਣ ਕਾਰਵਾਈ ਨਹੀਂ ਕਰਦੇ, ਤਾਂ ਅਗਲੇ ਅੰਕੜੇ ਹੋਰ ਵੀ ਡਰਾਉਣੇ ਹੋਣਗੇ।

ਬੱਚੇ ਸਾਡੇ ਭਵਿੱਖ ਨਹੀਂ — ਉਹ ਸਾਡਾ ਵਰਤਮਾਨ ਹਨ। ਜਿਹਨਾਂ ਦੀ ਸੁਰੱਖਿਆ ਜਰੂਰੀ ਹੈ।ਉਨ੍ਹਾਂ ਦੀ ਸੁਰੱਖਿਆ ਹੀ ਭਾਰਤ ਦੀ ਅਸਲੀ ਤਰੱਕੀ ਦਾ ਮਾਪਦੰਡ ਹੈ।

ਸਮਾਜ ਨੂੰ ਇਸ ਨੂੰ ਇਸ ਖੇਤਰ ਵਿੱਚ ਸੁਚੇਤ ਤੇ ਸੁਹਿਰਦਤਾ ਨਾਲ ਕੰਮ ਕਰਨਾ ਪਵੇਗਾ। ਤਾਂ ਕਿ ਕੋਈ ਬੱਚਾ ਇਸ ਦਾ ਸ਼ਿਕਾਰ ਨਾ ਹੋ ਜਾਵੇ।

# ਭਿੰਡ, ਮੱਧ ਪ੍ਰਦੇਸ਼ ਵਿੱਚ ਦਲਿਤ ਨੌਜਵਾਨ ਨਾਲ ਬੇਰਹਿਮੀ: ਬੰਧਕ ਬਣਾਇਆ, ਕੁੱਟਿਆ ਗਿਆ ਅਤੇ ਪਿਸ਼ਾਬ ਪੀਣ ਲਈ ਮਜਬੂਰ ਕੀਤਾ ਗਿਆ, ਮੰਤਰੀ ਨੂੰ ਹਸਪਤਾਲ ਪਹੁੰਚਾਇਆ ਗਿਆ - ਸੜਕਾਂ 'ਤੇ ਭੀਮ ਆਰਮੀ

"Equality and justice"
Patiala 22 October
INTERNATIONAL PAPER, 94636 01616
hardipchumber57@gmail.com

